ਡਿਜੀਟਲ ਦੋਮਾਹੀ ਪੱਤਰ ਅੰਕ: 2, ਨੰ: 5 (ਸਤੰਬਰ- ਅਕਤੂਬਰ, 2022)

www.gadvasu.in



# ਪਸ਼ੂ ਪਾਲਣ ਸੁਨੇਹੇ

## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE' Vol. 2 No. 5 (September- October, 2022)


### ਸੰਪਾਦਕੀ ਬੋਰਡ

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਡੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ



**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com


**ਯੂਟਿਊਬ ਚੈਨਲ**

SCAN

## ਕੁਦਰਤ ਦਾ ਸਤਿਕਾਰ ਕਰੀਏ

ਕੁਦਰਤ ਨੇ ਬੇਸ਼ੱਕ ਸਾਨੂੰ ਬੇਸ਼ੁਮਾਰ ਤੋਹਫ਼ਿਆਂ ਨਾਲ ਨਿਵਾਜਿਆ ਹੋਇਆ ਹੈ ਜਿਹੜੇ ਮਨੁੱਖਤਾ ਨੂੰ ਹਮੇਸ਼ਾ ਲੁਭਾਉਂਦੇ ਰਹੇ ਹਨ ਜਿਵੇਂ ਕਿ ਗਗਨ ਚੁੰਬੀ ਪਹਾੜ, ਖੂਬਸੂਰਤ ਵਾਦੀਆਂ, ਨਦੀਆਂ, ਝਰਨੇ, ਝੀਲਾਂ, ਜੰਗਲ, ਮਾਰੂਥਲ, ਸਮੁੰਦਰ ਆਦਿ। ਵਧਦੀ ਹੋਈ ਅਬਾਦੀ, ਪੈਸੇ ਇਕੱਠੇ ਕਰਨ ਦੀ ਹੋੜ, ਉਦਯੋਗੀਕਰਨ ਤੇ ਕੁਦਰਤੀ ਸਰੋਤਾਂ ਨੂੰ ਸੰਭਾਲਣ ਦੀ ਅਗਿਆਨਤਾ ਦੇ ਸਿੱਟੇ ਵਜੋਂ ਕੁਦਰਤੀ ਤੋਹਫ਼ਿਆਂ ਨੂੰ ਨਜ਼ਰਅੰਦਾਜ਼ ਕਰਕੇ ਇਹਨਾਂ ਨਾਲ ਛੇੜਛਾੜ ਸ਼ੁਰੂ ਹੋਈ। ਕਿਤੇ ਜੰਗਲ ਕੱਟੇ ਜਾ ਰਹੇ ਹਨ, ਕਿਤੇ ਪਹਾੜ। ਕੁਦਰਤ ਨਾਲ ਇਹ ਛੇੜਛਾੜ ਆਉਣ ਵਾਲੇ ਸਮੇਂ ਵਿੱਚ ਮਨੁੱਖਤਾ ਲਈ ਮਹਿੰਗੀ ਸਾਬਿਤ ਹੋ ਸਕਦੀ ਹੈ। ਨਦੀਆਂ ਝਰਨਿਆਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ ਤੇ ਮਿੱਟੀ ਵਿੱਚ ਰਸਾਇਣਾਂ ਦੀ ਭਰਮਾਰ ਹੈ। ਇਸ ਸਭ ਦਾ ਅਸਰ ਮਨੁੱਖਾਂ ਉੱਪਰ ਪੈ ਰਿਹਾ ਹੈ।

ਨਿੱਤ ਨਵੀਆਂ ਬਿਮਾਰੀਆਂ ਸਾਹਮਣੇ ਆ ਰਹੀਆਂ ਹਨ। ਇੱਕ ਗੱਲ ਧਿਆਨ ਦੇਣ ਯੋਗ ਹੈ ਕਿ ਬਦਲਦਾ ਮੌਸਮੀ ਪੱਧਰ ਵਿਸ਼ਾਣੂ ਜਾਂ ਵਾਇਰਸ ਲਈ ਬੜਾ ਉਪਯੋਗੀ ਸਿੱਧ ਹੋ ਰਿਹਾ ਹੈ। ਨਵੇਂ ਨਵੇਂ ਵਿਸ਼ਾਣੂ ਪਨਪ ਰਹੇ ਹਨ, ਪਹਿਲਾਂ ਕੋਰੋਨਾ ਵਾਇਰਸ, ਫ਼ਿਰ ਪਸ਼ੂਆਂ ਵਿੱਚ ਲੰਪੀ ਚਮੜੀ ਰੋਗ, ਸੂਰਾਂ ਵਿੱਚ ਅਫ਼ਰੀਕਨ ਸਵਾਈਨ ਫ਼ੀਵਰ, ਮੰਕੀ ਪੌਕਸ, ਬਰਡ ਫ਼ਲੂ, ਸਵਾਈਨ ਫ਼ਲੂ, ਬੱਚਿਆਂ ਵਿੱਚ ਹੱਥਾਂ ਪੈਰਾਂ 'ਤੇ ਛਾਲਿਆਂ ਦੀ ਬਿਮਾਰੀ ਅਤੇ ਹੁਣ ਝੋਨੇ ਵਿੱਚ ਮਧਰੇ ਰਹਿਣ ਦੀ ਬਿਮਾਰੀ- ਇਹ ਸਾਰੀਆਂ ਵਿਸ਼ਾਣੂ ਕਰਕੇ ਹੋ ਰਹੀਆਂ ਹਨ। ਇਹਨਾਂ ਬਿਮਾਰੀਆਂ ਨੇ ਆਮ ਲੋਕਾਂ ਦੇ ਨਾਲ ਵਿਗਿਆਨੀਆਂ ਨੂੰ ਵੀ ਚਿੰਤਾ ਵਿੱਚ ਪਾਇਆ ਹੋਇਆ ਹੈ।

ਸਾਥੀਓ, ਪੰਜਾਬ ਦੀ ਸਾਖਰਤਾ ਦਰ ਕਾਫ਼ੀ ਵਧੀਆ ਹੈ। ਸਭ ਜਾਣਦੇ ਹਨ ਕਿ ਕਿਸ ਚੀਜ਼ ਦਾ ਕੀ ਨੁਕਸਾਨ ਹੁੰਦਾ ਹੈ। ਪਰ ਹਰ ਕੋਈ ਆਪੋ ਆਪਣੀ ਸੌਖ ਦੇਖਦਾ ਹੈ ਜਿਸ ਕਾਰਨ ਕੁਦਰਤੀ ਸ੍ਰੋਤਾਂ ਦਾ ਘਾਣ ਹੋ ਰਿਹਾ ਹੈ। ਜੇ ਹਰ ਆਦਮੀ ਆਪਣੀ ਜ਼ਿੰਮੇਵਾਰੀ ਸਮਝੇ ਤਾਂ ਸਾਡਾ ਸੂਬਾ ਮੁੜ ਇੱਕ ਸਾਫ਼-ਸੁਥਰਾ, ਹਰਿਆ ਭਰਿਆ ਅਤੇ ਤੰਦਰੁਸਤ ਸੂਬਾ ਬਣ ਜਾਵੇਗਾ।

(ਸੰਪਾਦਕ)

## ਲੰਪੀ ਚਮੜੀ ਰੋਗ ਅਤੇ ਅਫ਼ਰੀਕਨ ਸਵਾਈਨ ਫ਼ੀਵਰ ਸਬੰਧੀ ਜਾਗਰੁਕਤਾ ਲਈ ਵੈਬੀਨਾਰ

ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਵੱਲੋਂ ਲੰਪੀ ਚਮੜੀ ਰੋਗ ਅਤੇ ਅਫ਼ਰੀਕਨ ਸਵਾਈਨ ਫ਼ੀਵਰ ਸਬੰਧੀ ਜਾਗਰੁਕਤਾ ਪੈਦਾ ਕਰਨ ਲਈ ਅਗਸਤ ਮਹੀਨੇ ਵਿੱਚ ਦੋ ਵੈਬੀਨਾਰ ਕਰਵਾਏ ਗਏ। ਯੂਨੀਵਰਸਿਟੀ ਦੇ ਨਿਰਦੇਸ਼ਕ ਪਸਾਰ ਸਿੱਖਿਆ, ਡਾ. ਪਰਕਾਸ਼ ਸਿੰਘ ਬਰਾੜ ਨੇ ਦੱਸਿਆ ਕਿ ਲੰਪੀ ਚਮੜੀ ਰੋਗ ਇਸ ਸਾਲ ਪੰਜਾਬ ਵਿੱਚ ਉੱਭਰਦੀ ਹੋਈ ਬਿਮਾਰੀ ਦੇ ਰੂਪ ਵਿੱਚ ਪਹਿਲੀ ਵਾਰ ਦੇਖਣ ਨੂੰ ਮਿਲੀ ਅਤੇ ਇਸ ਦੇ ਕਾਰਨ ਪਸ਼ੂਆਂ ਦਾ ਕਾਫ਼ੀ ਨੁਕਸਾਨ ਹੋਇਆ। ਇਸ ਦੇ ਮਗਰ ਹੀ ਸੂਰ ਪਾਲਕਾਂ ਨੂੰ ਅਫ਼ਰੀਕਨ ਸਵਾਈਨ ਫ਼ੀਵਰ ਦਾ ਸਾਹਮਣਾ ਕਰਨਾ ਪਿਆ। ਇਹਨਾਂ ਬਿਮਾਰੀਆਂ ਤੋਂ ਬਚਾਅ ਦੇ ਸਾਧਨਾਂ ਬਾਰੇ ਪਸ਼ੂ ਪਾਲਕਾਂ ਨੂੰ ਜਾਣੂ ਕਰਵਾਉਣ ਲਈ ਇਹ ਦੋ ਵੈਬੀਨਾਰ ਕਰਵਾਏ ਗਏ। ਦੋਨੋਂ ਵੈਬੀਨਾਰ ਯੂਨੀਵਰਸਿਟੀ ਦੇ ਯੂਟਿਊਬ ਚੈਨਲ ‘ਤੇ ਉਪਲਬਧ ਕਰਵਾ ਦਿੱਤੇ ਗਏ ਹਨ।







## ‘ਵਿਗਿਆਨਕ ਪਸ਼ੂ ਪਾਲਣ’ ਮੈਗਜ਼ੀਨ ਦਾ ਸਤੰਬਰ ਅੰਕ ਜਾਰੀ

ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਪਸਾਰ ਸਿੱਖਿਆ ਨਿਰਦੇਸ਼ਾਲਾ ਵੱਲੋਂ ਪ੍ਰਕਾਸ਼ਿਤ ਮਹੀਨੇਵਾਰ ਮੈਗਜ਼ੀਨ ‘ਵਿਗਿਆਨਕ ਪਸ਼ੂ ਪਾਲਣ’ ਦਾ ਸਤੰਬਰ ਅੰਕ ਕ੍ਰਿਸ਼ੀ ਵਿਗਿਆਨ ਕੇਂਦਰ ਤਰਨ ਤਾਰਨ ਵਿਖੇ ‘ਨਾਖ ਮੇਲੇ’ ਦੇ ਮੌਕੇ ‘ਤੇ ਸ. ਲਾਲਜੀਤ ਸਿੰਘ ਭੁੱਲਰ (ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਅਤੇ ਟ੍ਰਾਂਸਪੋਰਟ ਮੰਤਰੀ), ਸ. ਫ਼ੌਜਾ ਸਿੰਘ ਸਰਾਰੀ (ਸੁਤੰਤਰਤਾ ਸੈਨਾਨੀ, ਰੱਖਿਆ ਸੇਵਾਵਾਂ, ਫ਼ੂਡ ਪ੍ਰੋਸੈੱਸਿੰਗ ਅਤੇ ਬਾਗਬਾਨੀ ਮੰਤਰੀ) ਅਤੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਇੰਦਰਜੀਤ ਸਿੰਘ ਵੱਲੋਂ ਲੋਕ ਅਰਪਣ ਕੀਤਾ ਗਿਆ। ਇਸ ਅੰਕ ਵਿੱਚ ਲੰਪੀ ਚਮੜੀ ਰੋਗ ‘ਤੇ ਜਾਣਕਾਰੀ ਸਾਂਝੀ ਕੀਤੀ ਗਈ ਹੈ। ਸ. ਲਾਲਜੀਤ ਸਿੰਘ ਭੁੱਲਰ ਨੇ ਯੂਨੀਵਰਸਿਟੀ ਵੱਲੋਂ ਕਿਸਾਨ ਅਤੇ ਪਸ਼ੂ ਪਾਲਕਾਂ ਦੀ ਸਹੂਲਤ ਲਈ ਕੀਤੇ ਜਾ ਰਹੇ ਉੱਦਮਾਂ ਦੀ ਤਰੀਫ਼ ਕੀਤੀ।





## ਨਸਲਕਸ਼ੀ ਲਈ ਜਵਾਨ ਸੂਰੀਆਂ ਦੀ ਚੋਣ

ਸੂਰ ਪਾਲਣ ਦੇ ਕਿੱਤੇ ਵਿਚ ਆਰਥਿਕਤਾ ਨਾਲ ਸਬੰਧਤ ਦੋ ਪਹਿਲੂ ਅਹਿਮ ਹਨ- ਇੱਕ, ਸੂਰੀ ਕਿੰਨੇ ਬੱਚੇ ਦਿੰਦੀ ਹੈ? ਦੂਸਰਾ, ਦੁੱਧ ਛਡਾਉਣ ਤੱਕ ਉਹੀ ਸੂਰੀ ਕਿੰਨੇ ਬੱਚੇ ਪਾਲਦੀ ਹੈ? ਇਹ ਦੋਨੋ ਪਹਿਲੂ ਨਸਲਕਸ਼ੀ ਲਈ ਚੁਣੀਆਂ ਗਈਆਂ ਸੂਰੀਆਂ ਉੱਪਰ ਨਿਰਭਰ ਕਰਦੇ ਹਨ। ਇਸ ਲਈ ਜਵਾਨ ਸੂਰੀਆਂ ਦੀ ਸਹੀ ਚੋਣ ਕਰਨੀ ਬਹੁਤ ਹੀ ਜ਼ਰੂਰੀ ਹੈ। ਇਸ ਸਬੰਧੀ ਕੁੱਝ ਕੁ ਅਹਿਮ ਪਹਿਲੂ ਹੇਠਾਂ ਲਿਖੇ ਗਏ ਹਨ।

1. ਨਸਲਕਸੀ ਵਜੋਂ ਵਰਤਣ ਲਈ ਘੱਟੋ ਘੱਟ 12 ਥਣਾਂ ਵਾਲੀਆਂ ਜਵਾਨ ਸੂਰੀਆਂ ਦੀ ਹੀ ਚੋਣ ਕਰੋ। ਘੱਟ ਥਣਾਂ ਵਾਲੀਆਂ ਸੂਰੀਆਂ ਜਿਆਦਾ ਗਿਣਤੀ ਵਿਚ ਪੈਦਾ ਹੋਏ ਬੱਚਿਆਂ ਨੂੰ ਨਹੀਂ ਪਾਲ ਸਕਦੀਆਂ।

2. ਜਵਾਨ ਸੂਰੀਆਂ ਨੂੰ ਉਹਨਾਂ ਸੂਰੀਆਂ ਦੇ ਬੱਚਿਆਂ ਵਿਚੋਂ ਚੁਣੋਂ ਜਿਹੜੀਆਂ ਹਰੇਕ ਸੂਏ ਵਿਚ ਘੱਟੋ-ਘੱਟ 9-10 ਬੱਚੇ ਪਾਲ ਰਹੀਆਂ ਹੋਣ, ਜਿਹੜੀਆਂ ਇੱਕ ਸਾਲ ਦੀ ਉਮਰ ਤੇ ਪਹਿਲੀ ਵਾਰੀ ਸੂਅ ਪਈਆਂ ਹੋਣ, ਜਿਹੜੀਆਂ ਬੱਚਿਆਂ ਨੂੰ ਦੁੱਧ ਪਿਲਾਉਣ ਵਿਚ ਕਠਿਨਾਈ ਮਹਿਸੂਸ ਨਾ ਕਰਦੀਆਂ ਹੋਣ, ਜਿਹੜੀਆਂ ਲੱਗਭਗ 7-8 ਮਹੀਨਿਆਂ ਬਾਅਦ ਦੁਬਾਰਾ ਸੂਅ ਪੈਂਦੀਆਂ ਹੋਣ।

3. ਪਹਿਲੀ ਚੋਣ ਦੁੱਧ ਛਡਾਉਣ ਵੇਲੇ ਕਰੋ ।ਫਿਰ 5-6 ਮਹੀਨੇ ਦੀ ਉਮਰ ’ਤੇ ਇਹਨਾਂ ਬੱਚਿਆਂ ਵਿਚੋਂ ਦੁਬਾਰਾ ਚੋਣ ਕਰੋ।

4. ਜਿਆਦਾ ਤੇਜੀ ਨਾਲ ਵੱਧ ਰਹੀਆਂ ਸੂਰੀਆਂ ਨੂੰ ਚੁਨਣ ਵਿਚ ਹੀ ਸਿਆਣਪ ਹੈ। ਅਜਿਹੀਆਂ ਸੂਰੀਆਂ ਘੱਟ ਫੀਡ ਖਾ ਕੇ ਜਲਦੀ ਜਵਾਨ ਹੋ ਜਾਂਦੀਆਂ ਹਨ। ਇਹਨਾਂ ਨੂੰ ਪਾਲ ਕੇ ਘੱਟ ਖਰਚਾ ਆਉਂਦਾ ਹੈ।

5. ਜਿਹੜੀਆਂ ਸੂਰੀਆਂ ਦਾ ਅਗਲਾ ਪਾਸਾ ਹਲਕਾ ਅਤੇ ਪਿੱਛਲਾ ਪਾਸਾ ਭਾਰਾ ਹੋਵੇ, ਉਹਨਾਂ ਦੀ ਹੀ ਚੋਣ ਕਰਨੀ ਚਾਹੀਦੀ ਹੈ।

6. ਚੁਣੀਆਂ ਹੋਈਆਂ ਸੂਰੀਆਂ ਦੀ ਵੇਲ ਲੰਬੀ, ਲੱਤਾਂ ਅਤੇ ਖੁਰ ਮਜ਼ਬੂਤ ਹੋਣੇ ਚਾਹੀਦੇ ਹਨ।

7. ਉਹਨਾਂ ਸੂਰੀਆਂ ਨਾ ਚੁਣੋ ਜਿਹਨਾਂ ਦੇ ਥਣ ਬਰਾਬਰ ਦੂਰੀ ਉੱਪਰ ਨਹੀ ਹਨ, ਥਣਾਂ ਦੀਆਂ ਦੋਨੋ ਕਤਾਰਾਂ ਧੁੰਨੀ ਤੋਂ ਵੱਖੀਆਂ ਵੱਲ ਨੂੰ ਜਿਆਦਾ ਹੋਣ, ਥਣ ਅਗਿਓਂ ਬੰਦ ਹੋਣ ਜਾਂ ਤਿੱਖੇ ਹੋਣ, ਥਣ ਜੋੜਿਆਂ ਵਿਚ ਨਾ ਹੋਣ, ਥਣਾਂ ਉੱਪਰ ਚਰਬੀ ਚੜੀ ਹੋਵੇ।

8. ਨਸਲਕਸ਼ੀ ਵੇਲੇ ਸੂਰੀਆਂ ਦਾ ਪਹਿਲਾ ਹੇਹਾ ਹਰ ਹਾਲਤ ਵਿਚ ਖੁੰਝਾ ਦੇਣਾ ਚਾਹੀਦਾ ਹੈ। ਨਸਲਕਸ਼ੀ ਵੇਲੇ ਸੂਰੀ ਦੀ ਉਮਰ ਹਰ ਹਾਲਤ ਵਿਚ 8 ਮਹੀਨੇ ਹੋਣੀ ਚਾਹੀਦੀ ਹੈ।

ਸੂਰੀਆਂ ਦੇ ਪ੍ਰਜਨਣ ਨਾਲ ਸਬੰਧਤ ਕੁਝ ਪਹਿਲੂ:

| ਲੜੀ ਨੰ. | ਪਹਿਲੂ | ਸਹੀ ਸਮਾਂ |
|---|---|---|
| 1 | ਪਹਿਲੀ ਵਾਰੀ ਨਸਲਕਸ਼ੀ ਵੇਲੇ ਸੂਰੀ ਦੀ ਉਮਰ | 8 ਮਹੀਨੇ |
| 2 | ਪਹਿਲੀ ਵਾਰੀ ਨਸਲਕਸ਼ੀ ਵੇਲੇ ਸੂਰੀ ਦਾ ਵਜ਼ਨ | 100-120 ਕਿੱਲੋ |
| 3 | ਹੇਹਾ ਚੱਕਰ ਦੀ ਅਵਿੱਧੀ | 18-24 ਦਿਨ (ਔਸਤਨ 21 ਦਿਨ) |
| 4 | ਹੇਹੇ ਦੀ ਅਵਿੱਧੀ | 2-3 ਦਿਨ |
| 5 | ਹੇਹੇ ਦੌਰਾਨ ਨਸਲਕਸੀ ਦਾ ਢੁਕਵਾਂ ਸਮਾਂ | ਜਵਾਨ ਸੂਰੀ - ਪਹਿਲਾ ਦਿਨ<br>ਸੁਆਂਦੜ ਸੂਰੀ - ਦੂਸਰਾ ਦਿਨ |
| 6 | ਸੂਰੀ ਨੂੰ ਕਿੰਨੀ ਵਾਰੀ ਆਸ ਕਰਵਾਉਣਾ ਚਾਹੀਦਾ ਹੈ? | ਦੋ ਵਾਰੀ-12 ਘੰਟੇ ਦੇ ਅੰਤਰਾਲ ’ਤੇ |
| 7 | ਦੁੱਧ ਛਡਾਉਣ ਉਪਰੰਤ ਹੇਹਾ ਸ਼ੁਰੂ ਹੋਣ ਦਾ ਸਮਾਂ | 2-10 ਦਿਨ |
| 8 | ਗਰਭਕਾਲ ਦਾ ਸਮਾਂ | 114 ਦਿਨ |

(ਡਾ. ਰਾਕੇਸ਼ ਕੁਮਾਰ ਸ਼ਰਮਾ)

## ਆਉ ਜਾਣੀਏ ਦਹੀਂ ਅਤੇ ਯੋਗਹਰਟ ਵਿੱਚ ਅੰਤਰ

ਦਹੀਂ ਅਤੇ ਯੋਗਹਰਟ ਦੋਨੋਂ ਹੀ ਜਾਗ ਲਗਾ ਕੇ ਬਣਾਏ ਜਾਣ ਵਾਲੇ ਦੁੱਧ ਪਦਾਰਥ ਹਨ। ਇਹ ਮਨੁੱਖੀ ਸਿਹਤ ਅਤੇ ਪੇਟ ਦੀ ਸਿਹਤ ਦੇ ਲਈ ਲਾਭਦਾਇਕ ਮੰਨੇ ਜਾਂਦੇ ਹਨ। ਦਹੀਂ ਪਰੰਪਰਾਗਤ ਤੌਰ ਤੇ ਭਾਰਤ ਦਾ ਉਤਪਾਦ ਮੰਨਿਆ ਜਾਂਦਾ ਹੈ, ਜਦਕਿ ਯੋਗਹਰਟ ਦੀ ਉਤਪੱਤੀ ਪੱਛਮੀ ਦੇਸ਼ ਮੰਨੇ ਜਾਂਦੇ ਹਨ।ਅਕਸਰ ਲੋਕ ਦਹੀਂ ਨੂੰ ਯੋਗਹਰਟ ਹੀ ਮੰਨਦੇ ਹਨ। ਪਰ ਇਹਨਾਂ ਦੋਨਾਂ ਵਿੱਚ ਬਹੁਤ ਫ਼ਰਕ ਹੈ। ਪਹਿਲਾ ਫਰਕ ਜਾਗ ਵਿੱਚ ਹੈ ਅਤੇ ਦੂਜਾ ਫ਼ਰਕ ਇਸਨੂੰ ਬਨਾਉਣ ਦੀ ਵਿਧੀ ਵਿੱਚ ਹੈ।




ਪਰੰਪਰਾਗਤ ਤੌਰ ਤੇ ਦਹੀਂ ਜਮਾਉਣ ਦੇ ਲਈ ਵਰਤੋਂ ਕੀਤਾ ਜਾਣ ਵਾਲਾ ਜਾਗ ਮਿਸੋਫਿਲਿਕ ਹੁੰਦਾ ਹੈ, ਜਿਸਦਾ ਅਰਥ ਇਹ ਹੈ ਕਿ ਇਸਦੇ ਜਾਗ ਵਿੱਚ ਪਾਏ ਜਾਣ ਵਾਲੇ ਲੈਕਟਿਕ ਐਸਿਡ ਬੈਕਟੀਰੀਆ (ਜੀਵਾਣੂ) 30-37°ਸੈ ਤਾਪਮਾਨ ਤੇ ਵੱਧ ਸਰਗਰਮ ਹੁੰਦੇ ਹਨ। ਇਸਦੇ ਜਾਗ ਵਿੱਚ ਲੈਕਟੋਕੋਕਸ ਲੈਕਟਿਸ, ਲੈਕਟੋਕੋਕਸ ਕਰੀਮੋਰੀਸ, ਲੈਕਟੋਕੋਕਸ ਡਾਇਐਸੀਟਾਈਲੈਕਟਿਸ ਨਾਮ ਦੇ ਜੀਵਾਣੂ ਪ੍ਰਮੁੱਖ ਤੌਰ ਤੇ ਮੌਜੂਦ ਹੁੰਦੇ ਹਨ। 30-37°ਸੈ ਤੇ ਸਰਗਰਮ ਹੋਣ ਦੇ ਕਾਰਣ ਦਹੀਂ ਨੂੰ ਜੰਮਣ ਵਿੱਚ 6-8 ਘੰਟੇ ਦਾ ਲੰਬਾ ਸਮਾਂ ਲੱਗ ਜਾਂਦਾ ਹੈ। ਦਹੀਂ ਦਾ ਜਾਗ ਦਹੀਂ ਵਿੱਚ ਖਾਸਤੌਰ ਤੇ ਡਾਇਐਸੀਟਾਈਲੈਕਟਿਸ (ਮੱਖਣ ਵਰਗਾ ਸੁਆਦ) ਨਾਮ ਦੇ ਕੈਮਿਕਲ ਨੂੰ ਬਣਾਉਂਦਾ ਹੈ, ਜੋ ਕਿ ਦਹੀਂ ਨੂੰ ਵੱਖਰਾ ਸੁਆਦ ਦਿੰਦਾ ਹੈ।

ਯੋਗਹਰਟ ਬਨਾਉਣ ਦੇ ਲਈ ਇਸਤੇਮਾਲ ਕੀਤਾ ਜਾਣ ਵਾਲਾ ਜਾਗ ਥਰਮੋਫਿਲਿਕ ਹੁੰਦਾ ਹੈ, ਮਤਲਬ ਇਸ ਵਿੱਚ ਪਾਏ ਜਾਣ ਵਾਲੇ ਜੀਵਾਣੂ 42-45°ਸੈ ਤਾਪਮਾਨ ਤੇ ਵੱਧ ਸਰਗਰਮ ਹੁੰਦੇ ਹਨ। ਯੋਗਹਰਟ ਦੇ ਜਾਗ ਵਿੱਚ ਮੁੱਖ ਤੌਰ ਤੇ ਦੋ ਜੀਵਾਣੂ (ਬੈਕਟੀਰੀਆ) ਦੀ ਵਰਤੋਂ ਹੁੰਦੀ ਹੈ, ਜਿਸਦੇ ਨਾਮ ਹਨ :- ਸਟ੍ਰੇਪਟੋਕੋਕਸ ਥਰਮੋਫਿਲਿਕ ਅਤੇ ਲੈਕਟੋਕੋਕਸ ਬਲਗੈਰਿਕਸ। ਯੋਗਹਰਟ ਵਿੱਚ ਵਰਤੋਂ ਕੀਤੇ ਜਾਣ ਵਾਲੇ ਇਸ ਜਾਗ ਦੇ ਕਾਰਣ, ਇਸਨੂੰ ਜਮਾਉਣ ਦੇ ਲਈ 42-45°ਸੈ ਤਾਪਮਾਨ ਦਾ ਇਸਤੇਮਾਲ ਕੀਤਾ ਜਾਂਦਾ ਹੈ। ਉੱਚ ਤਾਪਮਾਨ ਦੇ ਕਾਰਣ ਯੋਗਹਰਟ 4-5 ਘੰਟੇ ਦੇ ਘੱਟ ਸਮੇਂ ਵਿੱਚ ਜੰਮ ਜਾਂਦਾ ਹੈ। ਇਸ ਵਿੱਚ ਐਸਿਟਲਡਿਹਾਇਡ (ਹਰੇ ਸੇਬ ਦੇ ਖੱਟੇਪਣ ਵਰਗਾ ਸੁਆਦ) ਨਾਮ ਦਾ ਕੈਮਿਕਲ, ਯੋਗਹਰਟ ਨੂੰ ਵੱਖਰਾ ਸੁਆਦ ਦਿੰਦਾ ਹੈ।

ਦੋਨੋਂ ਹੀ ਉਤਪਾਦ 5°ਸੈ ਤੋਂ ਘੱਟ ਤਾਪਮਾਨ ਤੇ ਭੰਡਾਰਣ ਕੀਤੇ ਜਾਂਦੇ ਹਨ, ਪਰ ਦਹੀਂ ਦੇ ਮੁਕਾਬਲੇ ਯੋਗਹਰਟ ਦੀ ਮਿਆਦ ਜਿਆਦਾ ਹੁੰਦੀ ਹੈ। ਆਮ ਸ਼ਬਦਾਂ ਵਿੱਚ ਗੱਲ ਕੀਤੀ ਜਾਵੇ ਤਾਂ ਪਰੰਪਰਾਗਤ ਤਰੀਕੇ ਨਾਲ ਬਣਾਏ ਗਏ ਦਹੀਂ ਅਤੇ ਯੋਗਹਰਟ ਦੇਖਣ ਵਿੱਚ ਇਕ ਸਮਾਨ ਲਗਦੇ ਹਨ, ਪਰ ਉਤਪਾਦ ਵਿੱਚ ਸਿਰਫ਼ ਇੱਕ ਜਾਗ ਦਾ ਸੂਖਮ ਜੀਵਾਣੂ ਬਦਲ ਦੇਣ ਨਾਲ ਉਤਪਾਦ ਜਮਾਉਣ ਦੇ ਲਈ ਵਰਤੋਂ ਕੀਤੇ ਜਾਣ ਵਾਲੇ ਤਾਪਮਾਨ ਅਤੇ ਉਤਪਾਦ ਦੇ ਸੁਆਦ ਵਿੱਚ ਖਾਸ ਤਬਦੀਲੀ ਹੁੰਦੀ ਹੈ।

ਦਹੀਂ ਸਿਰਫ ਪਲੇਨ ਦਹੀਂ ਦੇ ਰੂਪ ਵਿੱਚ ਬਜਾਰ ਵਿੱਚ ਮਿਲਦਾ ਹੈ, ਪਰ ਯੋਗਹਰਟ ਕਈ ਫਲੇਵਰਸ ਵਿੱਚ ਬਜਾਰ ਵਿੱਚ ਉਪਲੱਬਧ ਹੈ ਅਤੇ ਕਈ ਰੂਪ ਵਿੱਚ ਵੇਚਿਆ ਜਾਂਦਾ ਹੈ, ਜਿਵੇਂ ਕਿ ਸਟ੍ਰਡ ਯੋਗਹਰਟ ਅਤੇ ਸੈਟ ਯੋਗਹਰਟ ਆਦਿ।

(ਡਾ. ਇੰਦਰਪ੍ਰੀਤ ਕੌਰ)

## ਲਵੇਰੀਆਂ ਨੂੰ ਗੱਭਣ ਕਰਨ ਲਈ ਮਸਨੂਈ ਟੀਕੇ ਦਾ ਸਮਾਂ

ਅੱਜਕਲ ਲਵੇਰੀਆਂ ਨੂੰ ਜਿਆਦਾਤਰ ਮਸਨੂਈ ਗਰਭਦਾਨ ਦੁਆਰਾ ਹੀ ਨਵੇਂ ਦੁੱਧ ਕਰਵਾਇਆ ਜਾਂਦਾ ਹੈ। ਪ੍ਰੰਤੂ ਇਸ ਨਾਲ ਵਧੀਆ ਨਤੀਜੇ ਤਾਂ ਹੀ ਮਿਲਣਗੇ ਜੇ ਟੀਕਾ ਲਗਵਾਉਣ ਦਾ ਸਮਾਂ ਬਿਲਕੁੱਲ ਢੁਕਵਾਂ ਹੋਵੇ। ਅੰਡੇਦਾਨੀ ਤੋਂ ਅੰਡਾ, ਹੇਹਾ ਖਤਮ ਹੋਣ ਤੋਂ 10-12 ਘੰਟੇ ਬਾਅਦ ਨਿਕਲਦਾ ਹੈ।ਅੰਡੇਦਾਨੀ ਵਿਚੋਂ ਨਿਕਲਣ ਉਪਰੰਤ ਇਹ ਅੰਡਾ, ਅੰਡਨਾਲੀ ਰਾਹੀਂ ਬੱਚੇਦਾਨੀ ਵੱਲ ਨੂੰ ਆਉਣਾ ਸ਼ੁਰੂ ਹੋ ਜਾਂਦਾ ਹੈ।ਅੰਡਨਾਲੀ ਦਾ ਦੋ ਤਿਹਾਈ ਹਿੱਸਾ ਸਫਰ ਕਰਨ ਉਪਰੰਤ ਜੇਕਰ ਇਸ ਅੰਡੇ ਦਾ ਮਿਲਾਪ ਢੁਕਵੇਂ ਸ਼ੁਕਰਾਣੂ ਨਾਲ ਹੋ ਜਾਵੇ ਤਾਂ ਲਵੇਰੀ ਗੱਭਣ ਰਹਿ ਸਕਦੀ ਹੈ।ਲਵੇਰੀ ਦੇ ਗੱਭਣ ਰਹਿਣ ਲਈ ਅੰਡੇ ਅਤੇ ਸ਼ੁਕਰਾਣੂ ਦਾ ਮਿਲਾਪ ਅੰਡਨਾਲੀ ਦੇ ਇਸੇ ਹਿੱਸੇ ਵਿਚ ਹੋਣਾ ਲਾਜ਼ਮੀ ਹੈ। ਅੰਡਾ ਇਹ ਸਫਰ ਲੱਗਭਗ ਛੇ ਘੰਟਿਆਂ ਵਿਚ ਪੂਰਾ ਕਰ ਲੈਂਦਾ ਹੈ। ਅੰਡੇਦਾਨੀ ਵਿਚੋਂ ਨਿਕਲਣ ਉਪਰੰਤ ਅੰਡਾ 8-12 ਘੰਟਿਆਂ ਲਈ ਜਿੰਦਾ ਰਹਿੰਦਾ ਹੈ ਜਦਕਿ ਸ਼ੁਕਰਾਣੂ ਲਵੇਰੀ ਦੇ ਪ੍ਰਜਨਣ ਅੰਗਾ ਵਿਚ 24-48 ਘੰਟਿਆਂ ਲਈ ਜਿੰਦਾ ਰਹਿ ਸਕਦਾ ਹੈ।

ਲਵੇਰੀਆਂ ਦਾ ਹੇਹਾ 18-24 ਘੰਟੇ ਲੰਬਾ ਹੁੰਦਾ ਹੈ। ਮਸਨੂਈ ਗਰਭਦਾਨ ਦਾ ਟੀਕਾ ਸਹੀ ਸਮੇਂ ਉੱਪਰ ਲਗਵਉਣ ਲਈ ਹੇਹੇ ਦੀ ਸ਼ੁਰੂਆਤ ਦਾ ਪਤਾ ਲਗਾਉਣਾ ਬਹੁੱਤ ਹੀ ਜ਼ਰੂਰੀ ਹੁੰਦਾ ਹੈ। ਖੁਲੀਆਂ ਰੱਖੀਆਂ ਗਾਵਾਂ ਜਦੋਂ ਇਕ ਦੂਜੇ ਉੱਪਰ ਚੜ੍ਹਨਾ ਸ਼ੁਰੂ ਕਰ ਦਿੰਦੀਆਂ ਹਨ, ਉਸ ਸਮੇਂ ਤੋਂ ਹੇਹੇ ਦੀ ਸ਼ੁਰੂਆਤ ਸਮਝ ਲੈਂਣੀ ਚਾਹੀਦੀ ਹੈ।ਇੱਥੇ ਇੱਕ ਗੱਲ ਦਾ ਧਿਆਨ ਰੱਖਣਾ ਪਵੇਗਾ-ਜਿਹੜੀ ਗਾਂ ਦੂਸਰੀਆਂ ਗਾਵਾਂ ਨੂੰ ਅਪਣੇ ਉੱਪਰ ਚੜਨ ਦਿੰਦੀ ਹੈ, ਉਹ ਹੇਹੇ ਵਿਚ ਹੁੰਦੀ ਹੈ। ਉਸੇ ਗਾਂ ਦੇ ਮਸਨੂਈ ਗਰਭਦਾਨ ਦਾ ਟੀਕਾ ਲਗਵਾਉਣਾ ਚਾਹੀਦਾ ਹੈ। ਜਿਹੜੀਆਂ ਲਵੇਰੀਆਂ ਬੰਨ ਕੇ ਰੱਖੀਆਂ ਹੁੰਦੀਆਂ ਹਨ, ਉਹਨਾਂ ਵਿਚ ਹੇਹਾ ਲੱਭਣ ਲਈ ਹੇਹੇ ਦੀਆਂ ਨਿਸ਼ਾਨੀਆਂ ਉੱਪਰ ਨਿਰਭਰ ਕਰਨਾ ਪੈਂਦਾ ਹੈ। ਜਦੋਂ ਸੂਅ ਵਿਚੋਂ ਤਾਰਾਂ ਲਮਕਣ ਲੱਗ ਜਾਣ ਤਾਂ ਸਮਝ ਲੈਣਾਂ ਚਾਹੀਦਾ ਹੈ ਕਿ ਹੇਹਾ ਸ਼ੁਰੂ ਹੋ ਗਿਆ ਹੈ।

ਹੇਹੇ ਦੀ ਸ਼ੁਰੂਆਤ ਲੱਭਣ ਉਪਰੰਤ ਟੀਕਾ ਭਰਵਾਉਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

1. ਸ਼ਵੇਰੇ-ਸ਼ਾਮ ਦਾ ਨਿਯਮ: ਇਹ ਨਿਯਮ ਬੜੇ ਅਰਸੇ ਤੋਂ ਵਰਤਿਆ ਜਾ ਰਿਹਾ ਹੈ। ਜੇਕਰ ਲਵੇਰੀ ਨੇ ਸਵੇਰ ਵੇਲੇ ਤਾਰਾਂ ਦੇਣੀਆਂ ਸ਼ੁਰੂ ਕੀਤੀਆਂ ਹੋਣ ਤਾਂ ਮਸਨੂਈ ਗਰਭਦਾਨ ਦਾ ਟੀਕਾ ਸ਼ਾਮ ਨੂੰ ਲਗਵਾਉਣਾ ਚਾਹੀਦਾ ਹੈ। ਜੇਕਰ ਤਾਰਾਂ ਸ਼ਾਮ ਨੂੰ ਵੇਖੀਆਂ ਗਈਆਂ ਹੋਣ ਤਾਂ ਟੀਕਾ ਅਗਲੀ ਸਵੇਰ ਲਗਵਾਉਣਾ ਚਾਹੀਦਾ ਹੈ।

2. ਖੁਲੀਆਂ ਛੱਡੀਆਂ ਗਾਵਾਂ ਜਦੋਂ ਇੱਕ ਦੂਜੇ ਦੇ ਉੱਪਰ ਚੜਨਾਂ ਸ਼ੁਰੂ ਕਰਨ ਤਾਂ ਉਹ ਹੇਹੇ ਦੀ ਸ਼ੁਰੂਆਤ ਮੰਨੀ ਜਾਂਦੀ ਹੈ।ਉਸ ਸਮੇਂ ਤੋਂ 8-12 ਘੰਟੇ ਵਿਚ ਟੀਕਾ ਲਗਵਾਉਣ ਨਾਲ ਲਵੇਰੀ ਦੇ ਗੱਭਣ ਰਹਿਣ ਦੀ ਸੰਭਾਵਨਾਂ ਹਮੇਸ਼ਾਂ ਬਹੁੱਤ ਜਿਆਦਾ ਹੁੰਦੀ ਹੈ।ਇਥੇ ਇੱਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਟੀਕਾ ਹਮੇਸ਼ਾਂ ਹੇਠਾਂ ਖਲੋਤੀ ਗਾਂ ਦੇ ਹੀ ਲਗਵਾਉਣਾ ਚਾਹੀਦਾ ਹੈ।ਉੱਪਰ ਚੜ ਰਹੀ ਗਾਂ ਹੇਹੇ ਵਿਚ ਹੋ ਵੀ ਸਕਦੀ ਹੈ ਅਤੇ ਨਹੀਂ ਵੀ। ਇਸ ਦੀ ਜਾਂਚ ਹੇਹੇ ਦੀਆਂ ਹੋਰ ਨਿਸ਼ਾਨੀਆਂ ਤੋਂ ਕੀਤੀ ਜਾ ਸਕਦੀ ਹੈ।

3. ਹੇਹੇ ਵਿਚ ਆਈ ਲਵੇਰੀ ਦਾ ਤੋਰਾ-ਫੇਰਾ ਆਮ ਹਾਲਤਾਂ ਨਾਲੋਂ ਵੱਧ ਜਾਂਦਾ ਹੈ। ਇਸ ਚੀਜ਼ ਨੂੰ ਪੀਡੋਮੀਟਰ ਦੀ ਮੱਦਦ ਨਾਲ ਮਾਪਿਆ ਜਾ ਸਕਦਾ ਹੈ। ਇਹ ਪੀਡੋਮੀਟਰ ਲਵੇਰੀਆਂ ਦੀਆਂ ਲੱਤਾਂ ਉੱਪਰ ਬੰਨਿਆ ਜਾਂਦਾ ਹੈ। ਦਿਨ ਦੇ ਕਿਸੇ ਮਿੱਥੇ ਹੋਏ ਸਮੇਂ ਤੇ ਪੀਡੋਮੀਟਰ ਦੀ ਜਾਂਚ ਕਰਕੇ ਹੇਹੇ ਵਿਚ ਆਈਆਂ ਲਵੇਰੀਆਂ ਨੂੰ ਲੱਭਿਆ ਜਾ ਸਕਦਾ ਹੈ।

4. ਲਵੇਰੀਆਂ ਦਾ ਹੇਹਾ ਤਾਰਾਂ ਦੀ 'ਬਿਜਲਈ ਰੋਧਕ ਸ਼ਕਤੀ' (Resisitivity of Oestrual Mucus) ਮਾਪ ਕੇ ਵੀ ਲੱਭਿਆ ਜਾ ਸਕਦਾ ਹੈ।

5. ਜਿਹੜੇ ਪਸ਼ੂ ਇਕੋ ਥਾਂ ਬੰਨੇ ਰਹਿੰਦੇ ਹਨ, ਓਹਨਾਂ ਵਿਚ ਟੀਕਾ ਲਗਵਾਉਣ ਦਾ ਸਹੀ ਸਮਾਂ ਤਾਰਾਂ ਦੀ ਜਾਂਚ ਕਰਕੇ ਵੀ ਲੱਭਿਆ ਜਾ ਸਕਦਾ ਹੈ। ਤਾਰਾਂ ਨੂੰ ਕੱਚ ਦੀ ਸਲਾਈਡ ਉੱਪਰ ਵਿਛਾ ਕੇ ਧੁੱਪ ਵਿਚ ਸੁਕਾਇਆ ਜਾਦਾਂ ਹੈ। ਫਿਰ ਨੰਗੀਆਂ ਅੱਖਾਂ ਨਾਲ ਜਾਂ ਕਿਸੇ ਖੁਰਦਬੀਨ ਦੀ ਮੱਦਦ ਨਾਲ 'ਸਰੀਂਹ ਦੇ ਪੱਤੇ ਵਰਗੇ ਡਿਜ਼ਾਈਨ' (Fern Pattern) ਦਾ ਮੁਆਇਨਾਂ ਕਰਕੇ ਟੀਕਾ ਲਗਵਾਉਣ ਦਾ ਸਹੀ ਸਮਾਂ ਲੱਭਿਆ ਜਾ ਸਕਦਾ ਹੈ। ਤਾਰਾਂ ਨੂੰ ਪਹਿਲੀ ਉਂਗਲੀ ਅਤੇ ਅੰਗੂਠੇ ਵਿਚ ਲੈ ਕੇ ਉਹਨਾਂ ਨੂੰ ਹੌਲੀ ਹੌਲੀ ਖੋਲਣ ਉਪਰੰਤ ਤਾਰ ਦੇ ਨਾ ਟੁੱਟਣ ਵੇਲੇ ਵੀ ਟੀਕਾ ਲਗਵਾਇਆ ਜਾ ਸਕਦਾ ਹੈ।

(ਡਾ. ਰਾਕੇਸ਼ ਕੁਮਾਰ ਸ਼ਰਮਾ)

# ਮੱਛੀ ਦੇ ਵਧੀਆ ਉਤਪਾਦਨ ਲਈ ਪਾਣੀ ਦੀ ਗੁਣਵੱਤਾ ਦੀ ਅਹਿਮੀਅਤ

ਕਾਰਪ ਮੱਛੀ ਦੀ ਸਹੀ ਪੈਦਾਵਾਰ ਲੈਣ ਲਈ, ਤਲਾਅ ਦੀ ਉਤਪਾਦਕਤਾ ਵਧਾਉਣ ਲਈ ਅਤੇ ਮੱਛੀ ਦੀ ਸਿਹਤ ਨੂੰ ਬਰਕਰਾਰ ਰੱਖਣ ਵਿੱਚ ਪਾਣੀ ਦੀ ਕੁਆਲਿਟੀ ਦੀ ਅਹਿਮ ਹੈ, ਜਿਸ ਬਾਰੇ ਤਕਨੀਕੀ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ। ਤਲਾਅ ਦੇ ਪਾਣੀ ਦੀ ਕੁਆਲਿਟੀ ਕਈ ਗੱਲਾਂ ਤੇ ਨਿਰਭਰ ਕਰਦੀ ਹੈ, ਜਿਸ ਵਿੱਚ ਪਾਣੀ ਦਾ ਸਰੋਤ, ਮੱਛੀ ਦੀ ਸਟਾਕਿੰਗ ਦਰ ਅਤੇ ਅਨੁਪਾਤ, ਖੁਰਾਕ ਅਤੇ ਖਾਦਾਂ ਦੀ ਵਰਤੋਂ ਆਦਿ ਸ਼ਾਮਲ ਹਨ।

**ਕਾਰਪ ਮੱਛੀ ਲਈ ਪਾਣੀ ਦੇ ਅਨੁਕੂਲ ਪੈਮਾਨੇ**

| ਪੈਮਾਨਾ | ਲਿਮਿਟ | ਪੈਮਾਨਾ | ਲਿਮਿਟ |
|---|---|---|---|
| ਪਾਣੀ ਦੀ ਡੂੰਘਾਈ | 5-6 ਫ਼ੁਟ | ਕੁੱਲ ਕਠੋਰਤਾ (ਹਾਰਡਨੈਸ) | 50-200 ਮਿ. ਗ੍ਰਾਮ/ਲੀਟਰ |
| ਤਾਪਮਾਨ | 28-32 $^0$ ਸੈ | ਅਮੋਨੀਆ | < 0.05 ਮਿ. ਗ੍ਰਾਮ/ਲੀਟਰ |
| ਪੀ. ਐਚ. | 7.5-8.5 | ਖਾਰਾਪਨ (ਸੈਲੀਨਿਟੀ) | ≤ 0.5 ਗ੍ਰਾਮ/ਲੀਟਰ (ਪੀ.ਪੀ.ਟੀ) |
| ਘੁਲੀ ਆਕਸੀਜਨ | > 5.0 ਮਿ. ਗ੍ਰਾਮ/ਲੀਟਰ | | |

**ਪਾਣੀ ਦੀ ਕੁਆਲਿਟੀ ਨੂੰ ਬਰਕਰਾਰ ਰੱਖਣ ਲਈ ਕੁਝ ਜਰੂਰੀ ਨੁਕਤੇ**

- ਟਿਊਬਵੈੱਲ ਜਾਂ ਨਹਿਰੀ ਪਾਣੀ (ਛਾਣ ਕੇ) ਵਰਤੋ - ਤਲਾਅ ਭਰਨ ਤੋਂ ਪਹਿਲਾਂ ਅਤੇ ਸਮੇਂ ਸਮੇਂ ਤੇ - ਜਾਂਚ ਜਰੂਰੀ
- ਮਿੱਟੀ ਦੀ ਪੀ. ਐਚ. ਨੂੰ ਠੀਕ ਰੱਖਣ ਲਈ ਅਤੇ ਤਲਾਅ ਨੂੰ ਰੋਗਾਣੂ ਰਹਿਤ ਕਰਨ ਲਈ ਚੂਨੇ ਦੀ ਵਰਤੋਂ ਕਰੋ

ਪਾਣੀ ਦੀ ਪੀ.ਐਚ. 9.5 ਤੋਂ ਵੱਧ- 50-100 ਕਿਲੋ ਫਟਕੜੀ (ਅਲੁਮ)/ਏਕੜ ਦੇ ਹਿਸਾਬ ਨਾਲ 15 ਦਿਨ ਦੇ ਅੰਤਰਨਾਲ ਦੋ ਕਿਸ਼ਤਾਂ ਵਿੱਚ ਵੰਡ ਕੇ ਪਾਓ ।

ਪਾਣੀ ਦਾ ਪੀ.ਐਚ. 7.0 ਤੋਂ ਘੱਟ - 100 ਕਿਲੋ ਚੂਨਾ/ਏਕੜ ਦੇ ਹਿਸਾਬ ਨਾਲ 15 ਦਿਨ ਦੇ ਅੰਤਰ ਨਾਲ ਦੋ ਕਿਸ਼ਤਾਂ ਵਿੱਚ ਵੰਡ ਕੇ ਪਾਓ।

- ਐਲਕਲਿਨਿਟੀ/ਕਠੋਰਤਾ 50 ਮਿਲੀਗ੍ਰਾਮ/ਲੀਟਰ ਤੋਂ ਘੱਟ ਜਾਵੇ - 50 ਕਿਲੋ ਚੂਨਾ/ਏਕੜ ਦੇ ਹਿਸਾਬ ਨਾਲ ਪਾਓ।
- ਮੱਛੀ ਦੀ ਸਹੀ ਸਟਾਕਿੰਗ ਦਰ - 4000-5000/ਏਕੜ - ਉਂਗਲਾਕਾਰੀ ਬੱਚ
- ਸਹੀ ਸਟਾਕਿੰਗ ਅਨੁਪਾਤ - ਉੱਪਰਲੀ (ਕਤਲਾ/ਸਿਲਵਰ ਕਾਰਪ), ਵਿੱਚਲੀ (ਰੋਹੂ/ਗਰਾਸ ਕਾਰਪ) ਅਤੇ ਹੇਠਲੀ (ਮੁਰਾਖ/ਕਾਮਨ ਕਾਰਪ) ਸਤਿਹ ਵਾਲੀਆਂ ਮੱਛੀਆਂ - 3:4:3 ਅਨੁਪਾਤ ਵਿੱਚ
- ਖੁਰਾਕ ਅਤੇ ਖਾਦ (ਜੈਵਿਕ/ਰਸਾਇਣਿਕ) -ਲੋੜ ਤੋਂ ਵੱਧ ਵਰਤੋਂ ਹਾਨੀਕਾਰਕ
- ਲਗਾਤਾਰ ਬੱਦਲਵਾਹੀ, ਭਰ ਗਰਮੀ ਅਤੇ ਸਰਦੀਆਂ ਦੌਰਾਨ - ਘੁਲੀ ਹੋਈ ਆਕਸੀਜਨ ਨੂੰ ਬਰਕਰਾਕ ਰੱਖਣ ਲਈ ਜਰੂਰੀ ਪ੍ਰਬੰਧ ਕਰੋ - ਤਾਜ਼ਾ ਪਾਣੀ ਛੱਡੋ ਜਾਂ ਏਰੇਸ਼ਨ ਕਰੋ
- ਤਲਾਅ ਦੇ ਪਾਣੀ ਦੀ ਅਦਲਾ- ਬਦਲੀ ਜਰੂਰੀ - ਤਲਾਅ ਦਾ ਪਾਣੀ ਖੇਤਾਂ ਵਿੱਚ ਪਾਓ

**ਮੱਛੀ ਦਾ ਸਿਹਤ ਪ੍ਰਬੰਧ**

ਜੇ ਪਾਣੀ ਦੀ ਕੁਆਲਿਟੀ ਸਹੀ ਤਾਂ ਮੱਛੀ ਹਮੇਸ਼ਾਂ ਤਣਾਅ ਮੁਕਤ, ਪਰ ਕੁਝ ਵਾਧੂ ਉਪਰਾਲੇ ਮੱਛੀ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਕਾਰਗਰ

- ਚੂਨੇ (ਪੀ. ਐਚ. ਅਨੁਸਾਰ) ਅਤੇ ਲਾਲ ਦਵਾਈ (1-2 ਕਿਲੋ ਪ੍ਰਤੀ ਏਕੜ) ਦੀ ਨਿਯਮਿਤ ਵਰਤੋਂ - ਤਲਾਅ ਨੂੰ ਰੋਗਾਣੂ ਰਹਿਤ ਰੱਖੋ।
- ਤਲਾਅ ਨੂੰ ਰੋਗ ਮੁਕਤ ਰੱਖਣ ਲਈ ਸੀਫੈਕਸ (CIFAX) 400 ਮਿਲੀਲਿਟਰ/ਏਕੜ ਦੇ ਹਿਸਾਬ ਨਾਲ ਸਾਲ ਵਿੱਚ ਦੋ ਵਾਰ (ਨਵੰਬਰ/ਦਸੰਬਰ ਅਤੇ ਫਰਵਰੀ/ਮਾਰਚ) ਪਾਓ।
- ਮੱਛੀ ਦੀ ਗਤੀਵਿਧੀ ਤੇ ਵੀ ਨਜਰ ਰੱਖੋ ਅਤੇ ਕਿਸੇ ਵੀ ਤਰ੍ਹਾਂ ਦੀ ਅਸਧਾਰਨ ਗਤੀਵਿਧੀ ਦੇ ਹੋਣ ਤੇ ਮੱਛੀ ਦੀ ਚੰਗੀ ਤਰ੍ਹਾਂ ਜਾਂਚ ਕਰ ਕੇ ਲੋੜ ਅਨੁਸਾਰ ਮਾਹਿਰਾਂ ਨਾਲ ਸੰਪਰਕ ਕਰਕੇ ਇਲਾਜ ਕਰੋ
- ਬਿਮਾਰੀ ਦੀ ਹਾਲਤ ਵਿੱਚ ਤਲਾਅ ਵਿੱਚ ਤਾਜ਼ਾ ਪਾਣੀ ਛੱਡੋ, ਏਰੀਏਸ਼ਨ ਕਰੋ, ਖਾਦ/ਖੁਰਾਕ ਬੰਦ ਕਰ ਦਿਓ, ਚੂਨੇ/ਲਾਲ ਦਵਾਈ ਦੀ ਵਰਤੋਂ ਕਰੋ ਅਤੇ ਮਾਹਿਰਾਂ ਨਾਲ ਸੰਪਰਕ ਕਰੋ।


(ਡਾ. ਵਨੀਤ ਇੰਦਰ ਕੌਰ)


## ਅਫ਼ਰੀਕਨ ਸਵਾਈਨ ਫ਼ੀਵਰ

# ਅਫਰੀਕਨ ਸਵਾਈਨ ਫੀਵਰ

ਇਹ ਬਿਮਾਰੀ ਇੱਕ ਵਾਈਰਸ ਤੋਂ ਹੁੰਦੀ ਹੈ।

### ਬਿਮਾਰੀ ਫੈਲਣਾ




(i) ਜੰਗਲੀ ਸੂਰਾਂ ਤੋਂ ਸਿੱਧੇ ਸੰਪਰਕ ਰਾਹੀ
(ii) ਉਹਨਾਂ ਤੋਂ ਚਿੱਚੜਾਂ ਰਾਹੀ ਪਾਲਤੂ ਸੂਰਾਂ ਵਿੱਚ
(iii) ਬਿਮਾਰ ਸੂਰਾਂ ਤੋਂ ਅੱਗੇ ਤੰਦਰੁਸਤ ਸੂਰਾਂ ਵਿੱਚ
(iv) ਵੇਸਟ ਖਾਣ ਨਾਲ ਜਿਸ ਵਿੱਚ ਸੂਰ ਦਾ ਕੱਚਾ ਮਾਸ ਹੋਵੇ

### ਲੱਛਣ

ਬੁਖਾਰ, ਭੁੱਖ ਨਾ ਲੱਗਣੀ, ਔਖੇ ਸਾਹ,ਨੱਕ/ਅੱਖਾਂ ਵਿੱਚੋ ਪਾਣੀ ਵਗਣਾ, ਲੜਖੜਾਉਣਾ, ਖ਼ੂਨੀ ਮੋਕ, ਚਮੜੀ ਤੇ ਲਾਲ/ਨੀਲੇ-ਜਾਮਨੀ ਧਫੜ ਪੈਣੇ ਖਾਸ ਕਰਕੇ ਕੰਨਾਂ ਤੇ, ਮਲ ਦੁਆਰ ਤੇ ਨੱਕ ਵਿੱਚੋ ਖ਼ੂਨ ਵਗਣਾ,ਉਲਟੀਆਂ ਲੱਗਣਾ, ਸੁਸਤ ਹੋਣਾ ਆਦਿ

ਅਫਰੀਕਨ ਸਵਾਇਨ ਫੀਵਰ ਦੇ ਲੱਛਣ ਕਲਾਸੀਕਲ ਸਵਾਇਨ ਫੀਵਰ ਵਰਗੇ ਹੀ ਹੁੰਦੇ ਹਨ।

### ਧਿਆਨ ਦੇਣ ਯੋਗ ਗੱਲਾਂ



ਬਿਮਾਰੀ ਦਾ ਕੋਈ ਟੀਕਾ ਜਾਂ ਕਾਰਗਰ ਇਲਾਜ਼ ਨਹੀ ਹੈ



ਫਾਰਮ ਤੇ ਜੀਵ ਸੁਰੱਖਿਆ ਪ੍ਰਣਾਲੀ ਦਾ ਸਖਤੀ ਨਾਲ ਪਾਲਣ ਕਰੋ

ਲੱਛਣ ਦਿਖਣ ਤੇ ਜਾਂ ਸ਼ੱਕ ਪੈਣ ਤੇ ਤੁਰੰਤ ਵੈਟਰਨਰੀ ਡਾਕਟਰ ਨਾਲ ਸੰਪਰਕ ਕਰੋ



ਤੰਦਰੁਸਤ ਸੂਰਾਂ ਨੂੰ ਕਲਾਸੀਕਲ ਸਵਾਈਨ ਫੀਵਰ ਦਾ ਟੀਕਾ ਲਗਾਓ



ਵੇਸਟ ਪਾਉਣ ਤੋਂ ਗੁਰੇਜ਼ ਕਰੋ ਜਾਂ 30 ਮਿੰਟ ਉਬਾਲ ਕੇ ਦਿਉ



ਮਰੇ ਸੂਰਾਂ ਨੂੰ ਸਾੜ ਜਾਂ ਡੂੰਘਾ ਦੱਬ ਦਿਓ

**ਨੋਟ: ਇਹ ਬਿਮਾਰੀ ਮਨੁੱਖਾਂ ਵਿੱਚ ਨਹੀ ਹੁੰਦੀ**

(ਡਾ. ਜਸਵਿੰਦਰ ਸਿੰਘ, ਅਰੁਨਬੀਰ ਸਿੰਘ)

## ਯੂਨੀਵਰਸਿਟੀ ਵੱਲੋਂ ਜਾਰੀ ਹਿਦਾਇਤਾਂ ਅਪਨਾਓ, ਪਸ਼ੂਆਂ ਨੂੰ ਲੰਪੀ ਚਮੜੀ ਰੋਗ ਤੋਂ ਬਚਾਓ

- ਲੰਪੀ ਸਕਿੱਨ ਡਿਜ਼ੀਜ਼ ਜਾਂ ਲੰਪੀ ਚਮੜੀ ਰੋਗ, ਗਾਂਵਾਂ ਅਤੇ ਮੱਝਾਂ ਵਿੱਚ ਵਿਸ਼ਾਣੂ ਕਾਰਨ ਹੋਣ ਵਾਲੀ ਬਿਮਾਰੀ ਹੈ।
- ਇਹ ਬਿਮਾਰੀ ਮੁੱਖ ਤੌਰ 'ਤੇ ਮੱਛਰ, ਮੱਖੀ, ਚਿੱਚੜ ਆਦਿ ਤੋਂ ਫ਼ੈਲਦੀ ਹੈ।
- ਚਿੱਚੜਾਂ ਨੂੰ ਇਸ ਵਿਸ਼ਾਣੂ ਦਾ ਸੋਮਾ ਕਿਹਾ ਜਾ ਸਕਦਾ ਹੈ ਕਿਉਂਕਿ ਚਿੱਚੜਾਂ ਵਿੱਚ ਇਹ ਵਾਇਰਸ ਮਹਾਂਮਾਰੀ ਦੌਰਾਨ ਪਾਇਆ ਜਾਂਦਾ ਹੈ।
- ਇਸ ਬਿਮਾਰੀ ਦਾ ਵਾਇਰਸ ਬਿਮਾਰ ਪਸ਼ੂ ਦੇ ਦੁੱਧ, ਨੱਕ ਅਤੇ ਅੱਖਾਂ ਵਿੱਚੋਂ ਨਿਕਲਣ ਵਾਲੇ ਪਾਣੀ, ਖ਼ੂਨ, ਥੁੱਕ, ਆਦਿ ਵਿੱਚ ਪਾਇਆ ਜਾਂਦਾ ਹੈ ਅਤੇ ਚਾਰੇ ਅਤੇ ਪਾਣੀ ਨੂੰ ਸੰਕ੍ਰਮਿਤ ਕਰ ਸਕਦਾ ਹੈ।
- ਲੰਪੀ ਚਮੜੀ ਰੋਗ ਪਸ਼ੂ-ਵਿਸ਼ੇਸ਼ ਰੋਗ ਹੈ, ਜੋ ਕਿ ਗਾਵਾਂ ਨੂੰ ਵੱਧ ਪ੍ਰਭਾਵਿਤ ਕਰਦਾ ਹੈ। ਗਾਵਾਂ ਵਿੱਚ ਇਸ ਰੋਗ ਦੀ ਦਰ 30.8 ਪ੍ਰਤੀਸ਼ਤ ਦੇਖੀ ਗਈ ਹੈ ਜਦ ਕਿ ਮੱਝਾਂ ਵਿੱਚ ਇਸ ਰੋਗ ਦੀ ਦਰ ਕੇਵਲ 1.6 ਦੇਖੀ ਗਈ ਹੈ।
- ਬਿਮਾਰੀ ਬੁਖਾਰ ਨਾਲ ਸ਼ੁਰੂ ਹੁੰਦੀ ਹੈ। ਲਾਗ ਦੇ ਸ਼ੁਰੂਆਤੀ ਦੌਰ ਵਿੱਚ ਬੁਖਾਰ, ਕਮਜ਼ੋਰੀ, ਅੱਖਾਂ ਵਿੱਚੋਂ ਪਾਣੀ ਦਾ ਰਿਸਾਅ, ਦੁੱਧ ਵਿੱਚ ਕਮੀਂ ਆਉਣੀ, ਅਤੇ 2 ਤੋਂ 3 ਦਿਨਾਂ ਦੇ ਅੰਦਰ ਪਸ਼ੂ ਦੇ ਸ਼ਰੀਰ 'ਤੇ ਧੱਫੜ ਪੈਣਾ ਸ਼ੁਰੂ ਹੋ ਜਾਂਦੇ ਹਨ।
- ਗੰਭੀਰ ਸਥਿਤੀ ਵਿੱਚ, ਸਾਰੇ ਸ਼ਰੀਰ ਦੀ ਚਮੜੀ 'ਤੇ ਸੌ ਤੋਂ ਵੱਧ ਗੱਠਾਂ ਵਿਕਸਿਤ ਹੋ ਜਾਂਦੀਆਂ ਹਨ ਅਤੇ 7 ਤੋਂ 12 ਦਿਨਾਂ ਤੱਕ ਬਣੀ ਰਹਿੰਦੀਆਂ ਹਨ।
- ਪ੍ਰਭਾਵਿਤ ਪਸ਼ੂਆਂ ਦਾ ਇਲਾਜ ਫਾਰਮ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ; ਉਹਨਾਂ ਨੂੰ ਹਸਪਤਾਲਾਂ ਜਾਂ ਪੌਲੀਕਲੀਨਿਕਾਂ ਵਿੱਚ ਨਹੀਂ ਲਿਜਾਇਆ ਜਾਣਾ ਚਾਹੀਦਾ, ਕਿਉਂਕਿ ਉੱਚ ਤਾਪਮਾਨ ਅਤੇ ਨਮੀ ਦੇ ਕਾਰਨ ਇਹਨਾਂ ਪਸ਼ੂਆਂ ਵਿੱਚ ਅਕਸਰ ਤੇਜ਼ ਬੁਖਾਰ ਵਿਕਸਿਤ ਹੁੰਦਾ ਹੈ ਅਤੇ ਇਹ ਪਸ਼ੂ ਬਿਮਾਰੀ ਵੀ ਫੈਲਾ ਸਕਦੇ ਹਨ।
- ਪ੍ਰਭਾਵੀ ਨਿਯੰਤਰਣ ਅਤੇ ਰੋਕਥਾਮ ਉਪਾਵਾਂ ਨੂੰ ਲਾਗੂ ਕਰਨ ਲਈ ਬਿਮਾਰੀ ਨਾਲ ਸੰਕਰਮਿਤ ਪਸ਼ੂਆਂ ਦੀ ਆਵਾਜਾਈ 'ਤੇ ਸਖਤੀ ਨਾਲ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਤਾਂ ਜੋ ਬਿਮਾਰੀ ਦੇ ਫੈਲਣ ਨੂੰ ਰੋਕਿਆ ਜਾ ਸਕੇ।
- ਇਸ ਪ੍ਰਕੋਪ ਦੀ ਮਿਆਦ ਦੇ ਦੌਰਾਨ ਆਪਣੇ ਵੱਗ ਵਿੱਚ ਨਵੇਂ ਪਸ਼ੂਆਂ ਦੀ ਖਰੀਦ ਨਾ ਕਰੋ।
- ਪਸ਼ੂਆਂ ਦੀ ਆਵਾਜਾਈ ਨੂੰ ਸੀਮਤ ਕਰੋ, ਅਤੇ ਪਸ਼ੂ ਮੇਲਿਆਂ, ਸ਼ੋਅ ਅਤੇ ਮੰਡੀਆਂ ਵਿੱਚ ਆਪਣੇ ਪਸ਼ੂਆਂ ਨੂੰ ਨਾ ਲੈਕੇ ਜਾਓ।
- ਵੈਕਟਰ ਕੰਟਰੋਲ ਤਰੀਕਿਆਂ ਜਿਵੇਂ ਵੈਕਟਰ ਟ੍ਰੈਪ ਦੀ ਵਰਤੋਂ, ਕੀਟਨਾਸ਼ਕਾਂ ਦੀ ਵਰਤੋਂ ਵੀ ਬਿਮਾਰੀ ਦੀ ਰੋਕਥਾਮ ਲਈ ਕੀਤੀ ਜਾ ਸਕਦੀ ਹੈ।
- ਆਪਣੇ ਵੱਗ ਦੇ ਸਾਰੇ ਸਿਹਤਮੰਦ ਪਸ਼ੂਆਂ ਨੂੰ ਲੰਪੀ ਚਮੜੀ ਰੋਗ ਜਾਂ ਬੱਕਰੀ ਪੋਕਸ ਵੈਕਸੀਨ ਨਾਲ ਟੀਕਾਕਰਨ ਉਤਪਾਦਕ ਕੰਪਨੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਰੋ।
- ਵੱਛਿਆਂ ਦਾ 3 ਤੋਂ 4 ਮਹੀਨਿਆਂ ਦੀ ਉਮਰ ਵਿੱਚ ਟੀਕਾਕਰਨ ਕੀਤਾ ਜਾਣਾ ਚਾਹੀਦਾ ਹੈ। ਗੱਭਣ ਗਾਵਾਂ ਅਤੇ ਬਲਦਾਂ ਦਾ ਸਾਲਾਨਾ ਟੀਕਾਕਰਨ ਕੀਤਾ ਜਾ ਸਕਦਾ ਹੈ।
- ਪਸ਼ੂਆਂ ਦਾ ਇਲਾਜ ਕੇਵਲ ਵੈਟਨਰੀ ਡਾਕਟਰ ਤੋਂ ਹੀ ਕਰਵਾਓ।
- ਕੋਈ ਸਲਾਹ ਜਾਂ ਜਾਣਕਾਰੀ ਲੈਣ ਲਈ ਵੈਟਨਰੀ ਯੂਨੀਵਰਸਿਟੀ ਦੇ ਪਸ਼ੂ ਪਾਲਕ ਦੂਰ-ਸੰਚਾਰ ਸਲਾਹ ਕੇਂਦਰ ਦੇ ਨੰਬਰਾਂ 62832-58834 ਜਾਂ 62832-97919 ਤੇ ਕਾਲ ਕਰੋ।

(ਡਾ. ਅਮਨਦੀਪ ਸਿੰਘ, ਡਾ. ਬਿਲਾਵਲ ਸਿੰਘ)

## ਲੰਪੀ ਚਮੜੀ ਰੋਗ ਤੋਂ ਬਚਾਅ ਲਈ ਮੱਖੀਆਂ, ਮੱਛਰ ਤੇ ਚਿੱਚੜਾਂ ਦੀ ਰੋਕਥਾਮ

ਜਿਵੇਂਕਿ ਪਸ਼ੂ ਪਾਲਕ ਜਾਣਦੇ ਹਨ ਕਿ ਪੰਜਾਬ ਅਤੇ ਇਸਦੇ ਗੁਆਂਢੀ ਰਾਜਾਂ ਵਿੱਚ ਲੰਪੀ ਚਮੜੀ ਰੋਗ (ਐਲ. ਐਸ. ਡੀ.) ਦੇ ਪ੍ਰਕੋਪ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਗਾਵਾਂ ਨੂੰ ਪ੍ਰਭਾਵਿਤ ਕੀਤਾ ਹੈ। ਇਹ ਬਿਮਾਰੀ ਮੱਖੀਆਂ ਅਤੇ ਮੱਛਰਾਂ ਦੀਆਂ ਕੁਝ ਕਿਸਮਾਂ, ਜਾਂ ਚਿੱਚੜਾਂ ਦੁਆਰਾ ਵੀ ਪਸ਼ੂਆਂ ਵਿੱਚ ਫੈਲਦੀ ਹੈ । ਇਸ ਰੋਗ ਤੇ ਠੱਲ ਪਾਉਣ ਲਈ ਇਹ ਜ਼ਰੂਰੀ ਹੈ ਕਿ ਬਾਹਰੀ ਪਰਜੀਵੀਆਂ ਦੀ ਰੋਕਥਾਮ ਸਬੰਧੀ ਉਪਰਾਲੇ ਕੀਤੇ ਜਾਣ ਤਾਂ ਕਿ ਇਸ ਪ੍ਰਕੋਪੀ ਨੂੰ ਪ੍ਰਭਾਵੀ ਤਰੀਕੇ ਨਾਲ ਨਜਿੱਠਿਆ ਜਾ ਸਕੇ ।

**ਮੱਖੀਆਂ:** ਬਾਲਗ ਮੱਖੀਆਂ ਨੂੰ ਨਿਯੰਤਰਿਤ ਕਰਨ ਨਾਲੋਂ ਮੱਖੀਆਂ ਦੇ ਪ੍ਰਜਨਣ ਨੂੰ ਰੋਕਣਾ ਵਧੇਰੇ ਪ੍ਰਭਾਵਸ਼ਾਲੀ, ਸੌਖਾ ਅਤੇ ਸਸਤਾ ਤਰੀਕਾ ਹੈ, ਇਸ ਲਈ ਜਿੰਨੀ ਜਲਦੀ ਅਸੀਂ ਉਨ੍ਹਾਂ ਦੇ ਪ੍ਰਜਨਣ ਸਥਾਨਾਂ ਨੂੰ ਸੀਮਤ ਕਰਾਂਗੇ, ਓਨੀ ਹੀ ਵੱਧ ਸੰਭਾਵਨਾ ਹੈ ਕਿ ਅਸੀਂ ਇਸ ਅਸਥਾਈ ਪਰਜੀਵੀ ਤੇ ਕਾਬੂ ਪਾ ਸਕਾਂਗੇ। ਇਸ ਲਈ ਪਸ਼ੂਆਂ ਦੇ ਮਲ-ਮੂਤਰ ਦੀ ਸਹੀ ਨਿਕਾਸੀ ਦੇ ਲੋੜੀਂਦੇ ਪ੍ਰਬੰਧ ਕਰਨੇ ਚਾਹੀਦੇ ਹਨ; ਸ਼ੈੱਡ ਵਿੱਚ ਗੋਹੇ ਨੂੰ ਦੇਰ ਤੱਕ ਨਹੀਂ ਪਿਆ ਦੇਣਾ ਚਾਹੀਦਾ ਤੇ ਸਮੇਂ-ਸਮੇਂ ਤੇ ਗੋਹੇ ਨੂੰ ਇਕੱਠਾ ਕਰਕੇ ਕਿਸੇ ਡੂੰਘੇ ਟੋਏ ਵਿੱਚ ਦੱਬ ਕੇ ਜਾਂ ਗੋਬਰ ਗੈਸ ਪਲਾਂਟ ਵਿੱਚ ਪ੍ਰਬੰਧ ਕਰਨਾ ਚਾਹੀਦਾ ਹੈ। ਗੋਹੇ ਨੂੰ ਸੁਕਾਉਣ ਨਾਲ ਮੱਖੀਆਂ ਦੇ ਜੀਵਨ ਚੱਕਰ ਨੂੰ ਤੋੜਨ ਵਿੱਚ ਮਦਦ ਮਿਲਦੀ ਹੈ। ਖੇਤਾਂ ਵਿੱਚ ਰੂੜੀ ਦੇ ਢੇਰ ਵੀ ਨਾ ਲੱਗਣ ਦਿਓ ਬਲਕਿ ਰੂੜੀ ਨੂੰ ਪਤਲੀ ਪਰਤ ਦੇ ਰੂਪ ਵਿੱਚ ਫੈਲਾ ਦਿਓ ਤਾਂ ਜੋ ਮੱਖੀਆਂ ਦੇ ਜੀਵਨ ਚੱਕਰ ਨੂੰ ਤੋੜਿਆ ਜਾ ਸਕੇ। ਉਹਨਾਂ ਖੇਤਰਾਂ ਵੱਲ ਵਿਸ਼ੇਸ਼ ਧਿਆਨ ਦਿਓ ਜਿੱਥੇ ਤੁਹਾਡੇ ਪਸ਼ੂਆਂ ਦਾ ਇਕੱਠ ਰਹਿੰਦਾ ਹੈ, ਜਿਵੇਂ ਕਿ ਪਾਣੀ ਦੀਆਂ ਹੌਦੀਆਂ, ਛਾਂ ਦਾਰ ਖੇਤਰ ਆਦਿ, ਮੱਖੀਆਂ ਦੇ ਪ੍ਰਜਨਣ ਨੂੰ ਘੱਟ/ਨਿਯੰਤਰਿਤ ਕਰਨ ਲਈ ਇਹਨਾਂ ਖੇਤਰਾਂ ਨੂੰ ਘੱਟੋ ਘੱਟ ਹਫ਼ਤਾਵਾਰੀ ਤੌਰ ਤੇ ਸਾਫ਼ ਕੀਤਾ ਜਾਣਾ ਚਾਹੀਦਾ ਹੈ। ਤੇਜ਼ ਹਵਾ ਸੁੱਟਣ ਵਾਲੇ ਪੱਖਿਆਂ (ਫਰਾਟਾ) ਦਾ ਸ਼ੈੱਡ ਵਿੱਚ ਉਪਯੋਗ ਵੀ ਲਾਹੇਵੰਦ ਸਿੱਧ ਹੋ ਸਕਦਾ ਹੈ। ਸ਼ੈੱਡ ਵਿੱਚ ਜਾਲੀਆਂ ਦੀ ਵਰਤੋਂ ਕਰਕੇ ਵੀ ਮੱਖੀਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ, ਖਾਸ ਕਰਕੇ, ਜਿਸ ਸ਼ੈੱਡ ਵਿੱਚ ਮਿਲਕ ਪਾਰਲਰ (ਚੁਆਈ ਦਾ ਕਮਰਾ) ਅਲੱਗ ਹੋਵੇ ਉੱਥੇ ਇਸ ਕਮਰੇ ਦੀ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਖੁਰਲੀਆਂ ਵਿੱਚ ਗਿੱਲੇ ਪੱਠੇ ਬਹੁਤੇ ਸਮੇਂ ਤੱਕ ਨਹੀਂ ਰਹਿਣ ਦੇਣੇ ਚਾਹੀਦੇ; ਮੱਖੀਆਂ ਮਾਰਨ ਵਾਲੇ ਬਿਜਲਈ ਯੰਤਰਾਂ ਦੀ ਵਰਤੋਂ ਅਤੇ ਬਜ਼ਾਰ ਵਿੱਚ ਉਪਲੱਬਧ ਕੀਟਨਾਸ਼ਕ ਰੱਸੀਆਂ, ਕੀਟਨਾਸ਼ਕ ਦਵਾਈਆਂ ਦਾ ਇਸਤੇਮਾਲ ਡਾਕਟਰੀ ਸਲਾਹ ਅਨੁਸਾਰ ਕਰਨਾ ਚਾਹੀਦਾ ਹੈ। ਸ਼ੈੱਡ ਵਿੱਚ ਨਿੰਮ ਦੇ ਪੱਤਿਆਂ ਦੇ ਧੂੰਏਂ ਦਾ ਉਪਯੋਗ, ਖਾਸ ਤੌਰ 'ਤੇ ਸ਼ਾਮ ਨੂੰ, ਕਰਨ ਨਾਲ ਮੱਖੀਆਂ ਦੀ ਪਰੇਸ਼ਾਨੀ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ। ਨਿੰਬੂ ਘਾਹ/ ਨਿੰਮ ਦੇ ਤੇਲ ਦੀ ਵਰਤੋਂ ਪਸ਼ੂਆਂ ਦੇ ਸਰੀਰ ਦੇ ਵਾਲਾਂ ਦੀ ਦਿਸ਼ਾ ਦੇ ਵਿਰੁੱਧ, ਖਾਸ ਕਰਕੇ ਪੇਟ ਦੇ ਹੇਠਾਂ ਅਤੇ ਲੱਤਾਂ ‘ਤੇ ਕੀਤੀ ਜਾ ਸਕਦੀ ਹੈ ।

**ਮੱਛਰ:** ਸ਼ੈੱਡ ਵਿੱਚ ਜਾਲੀਆਂ/ਮੱਛਰਦਾਨੀਆਂ ਦੀ ਵਰਤੋਂ ਕਰਕੇ ਮੱਛਰਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ, ਮੱਛਰ ਮਾਰਨ ਵਾਲੇ ਬਿਜਲਈ ਯੰਤਰਾਂ ਦੀ ਵਰਤੋਂ; ਇੰਨ੍ਹਾਂ ਦਾ ਜੀਵਨ-ਕਾਲ ਰੋਕਣ ਲਈ ਪ੍ਰਜਨਣ ਥਾਵਾਂ ਤੇ ਮਿੱਟੀ ਦੇ ਤੇਲ ਦਾ ਛਿੜਕਾਅ, ਪਾਣੀ ਖੜ੍ਹਾ ਨਾ ਹੋਣ ਦੇਣਾ, ਛੋਟੇ-ਮੋਟੇ ਟੋਏ/ਟਿੱਬਿਆਂ ਨੂੰ ਮਿੱਟੀ ਨਾਲ ਪੂਰ ਦੇਣਾ, ਛੱਪੜਾਂ ਜਾਂ ਉੱਥਲੇ ਪਾਣੀ ਦੀਆਂ ਥਾਵਾਂ ਤੇ ਬੂਟੀ ਨਾ ਉੱਗਣ ਦੇਣਾ ਅਤੇ ਝੀਲਾਂ, ਛੱਪੜਾਂ, ਤੇ ਤਲਾਬਾਂ ਵਿੱਚ ਮੱਛੀ ਪਾਲਣ ਨੂੰ ਵੀ ਅਪਨਾਇਆ ਜਾ ਸਕਦਾ ਹੈ। ਤੇਜ਼ ਹਵਾ ਸੁੱਟਣ ਵਾਲੇ ਪੱਖਿਆਂ (ਫਰਾਟਾ) ਦਾ ਸ਼ੈੱਡ ਵਿੱਚ ਉਪਯੋਗ ਵੀ ਲਾਹੇਵੰਦ ਸਿੱਧ ਹੋ ਸਕਦਾ ਹੈ। ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਡਾਕਟਰੀ ਸਲਾਹ ਅਨੁਸਾਰ ਕਰਨਾ ਚਾਹੀਦਾ ਹੈ ਤੇ ਜ਼ਰੂਰਤ ਪੈਣ ਤੇ 10-14 ਦਿਨ ਬਾਅਦ ਰੀਪੀਟ ਵੀ ਕਰਨਾ ਚਾਹੀਦਾ ਹੈ ।

**ਚਿੱਚੜ:** ਚਿੱਚੜਾਂ ਦੀ ਰੋਕਥਾਮ ਲਈ ਕਈ ਤਰ੍ਹਾਂ ਦੀਆਂ ਦਵਾਈਆਂ ਬਾਜ਼ਾਰ ਵਿੱਚ ਉਪਲੱਬਧ ਹਨ ਤੇ ਡਾਕਟਰੀ ਸਲਾਹ ਅਨੁਸਾਰ ਵਰਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਸ਼ੈੱਡ/ ਖੁਰਲੀ/ ਕਿੱਲ੍ਹਾ/ ਪਸ਼ੂ ਦੇ ਬੰਨਣ ਵਾਲੀ ਥਾਂ ਦੀ ਸਾਫ ਸਫਾਈ, ਸ਼ੈੱਡ/ ਫਰਸ਼ ਵਿਚਲੀਆਂ ਵਿੱਥਾਂ/ ਤਰੇੜਾਂ/ ਦਰਜਾਂ/ ਮੋਰੀਆਂ ਨੂੰ ਟੀਪ ਕਰਨਾ/ ਭਰਨਾ ਅਪਨਾ ਕੇ ਇਸ ਬਾਹਰੀ ਪਰਜੀਵੀ ਤੇ ਕਾਫੀ ਹੱਦ ਤੱਕ ਕਾਬੂ ਪਾ ਸਕਦੇ ਹਨ ।ਕੀਟਨਾਸ਼ਕ ਦਵਾਈਆਂ ਦਾ ਇਸਤੇਮਾਲ ਪਸ਼ੂਆਂ ਦੇ ਨਾਲ-ਨਾਲ ਚਿੱਚੜਾਂ ਦੀਆਂ ਲੁਕਣਗਾਂਹਾਂ ਤੇ ਵੀ ਕਰਨਾ ਚਾਹੀਦਾ ਹੈ ਤਾਂ ਕਿ ਇਸ ਸਮੱਸਿਆ ਤੇ ਕਾਬੂ ਪਾਇਆ ਜਾ ਸਕੇ। ਜਾਨਵਰਾਂ ਨੂੰ ਪੱਕੇ ਥਾਂ ਤੇ ਬੰਨਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਪਸ਼ੂਆਂ ਦੀ ਚਮੜੀ ਦੀ ਬੁਰਸ਼ ਨਾਲ ਸਮੇਂ-ਸਮੇਂ ਤੇ ਸਫਾਈ ਕਰਨੀ ਚਾਹੀਦੀ ਹੈ। ਜੇਕਰ ਸੰਭਵ ਹੋਵੇ ਤਾਂ ਗਾਵਾਂ ਤੇ ਮੱਝਾਂ ਨੂੰ ਅਲੱਗ-ਅਲੱਗ ਥਾਂ ਤੇ ਰੱਖਣਾ ਚਾਹੀਦਾ ਹੈ। ਪਸ਼ੂਆਂ ਦੇ ਸ਼ੈਡਾਂ ਵਿੱਚ ਮੁਰਗੀਆਂ ਪਾਲਣ ਨਾਲ ਵੀ ਕਾਫੀ ਫਾਇਦਾ ਹੋ ਸਕਦਾ ਹੈ ਕਿਉਂਕਿ ਇਹ ਚਮੜੀ ਅਤੇ ਹੇਠਾਂ ਡਿੱਗੀਆਂ ਚਿੱਚੜਾਂ ਨੂੰ ਖਾਣ ਲਈ ਕਾਫੀ ਸਹਾਇਕ ਸਿੱਧ ਹੁੰਦੀਆਂ ਹਨ। ਸ਼ੈਡਾਂ ਦੇ ਅੰਦਰਵਾਰ, ਆਲੇ ਦੁਆਲੇ ਅਤੇ ਜਾਨਵਰਾਂ ਦੀ ਸਾਫ ਸਫਾਈ ਰੱਖਣੀ ਚਾਹੀਦੀ ਹੈ। (ਡਾ. ਹਰਕੀਰਤ ਸਿੰਘ, ਡਾ. ਜੋਤੀ)

## ਪਸ਼ੂਆਂ ਖੁਰਾਕ ਵਿੱਚ ਬਾਈਪਾਸ ਫ਼ੈਟ ਦੀ ਵਰਤੋਂ

ਸੱਜਰ ਸੂਏ ਪਸ਼ੂ ਦੇ ਮਿਹਦੇ ਅਤੇ ਹਾਰਮੋਨਸ ਵਿੱਚ ਤਬਦੀਲੀ ਹੋਣ ਕਰਕੇ, ਪਸੂ ਦੀ ਸੁੱਕਾ ਮਾਦਾ ਖਾਣ ਦੀ ਸਮਰੱਥਾ ਘੱਟ ਜਾਂਦੀ ਹੈ। ਇਸ ਸਕਦਾ ਪਸ਼ੂ ਨਕਾਰਾਤਮਕ ਊਰਜਾ ਸੰਤੁਲਨ ਵਿੱਚ ਆ ਜਾਂਦਾ ਹੈ ਅਤੇ ਪਸ਼ੂ ਨੂੰ ਆਪਣੀਆਂ ਸਰੀਰਕ ਅਤੇ ਪੈਦਾਵਾਰਿਕ ਜ਼ਰੂਰਤਾਂ ਪੂਰੀਆਂ ਕਰਨ ਲਈ ਸਰੀਰ ਵਿੱਚ ਜਮ੍ਹਾਂ ਤੱਤ ਵਰਤਣੇ ਪੈਂਦੇ ਹਨ।




ਨਤੀਜੇ ਵਜੋਂ ਪਸ਼ੂ ਦਾ ਸਰੀਰਕ ਭਾਰ ਘੱਟਦਾ ਹੈ ਅਤੇ ਉਸਨੂੰ ਕਈ ਤਰ੍ਹਾਂ ਦੇ ਪਾਚਕ ਰੋਗ ਹੋ ਜਾਂਦੇ ਹਨ। ਦੁੱਧ ਦੀ ਪੈਦਾਵਾਰ ਉੱਤੇ ਵੀ ਮਾੜਾ ਅਸਰ ਪੈਂਦਾ ਹੈ ਅਤੇ ਦੁਬਾਰਾ ਗੱਭਣ ਹੋਣ ਵਿੱਚ ਦੇਰੀ ਹੁੰਦੀ ਹੈ। ਇਹਨਾਂ ਕਾਰਨਾਂ ਕਰਕੇ ਪਸ਼ੂ ਪਾਲਕ ਨੂੰ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ।

ਅਜਿਹੀ ਸਥਿਤੀ ਤੋਂ ਬਚਣ ਲਈ ਸੂਣ ਤੋਂ 3 ਹਫਤੇ ਪਹਿਲਾਂ ਤੋਂ ਲੈ ਕੇ 3 ਹਫਤੇ ਬਾਅਦ ਤੱਕ ਅਤੇ ਵਧੇਰੇ ਦੁੱਧ ਦੇਣ ਵਾਲੇ ਪਸ਼ੂ (>10 ਲੀਟਰ ਦੇਣ ਵਾਲੀਆਂ ਮੱਝਾਂ) ਅਤੇ (>15 ਲੀਟਰ ਦੇਣ ਵਾਲੀਆਂ ਗਾਂਵਾਂ) ਦੀ ਖੁਰਾਕ ਵਿੱਚ ਸੰਘਣਾ ਊਰਜਾ ਸ੍ਰੋਤ ਜਿਵੇਂ ਕਿ ਫੈਟ ਸ਼ਾਮਿਲ ਕਰਨਾ ਚਾਹੀਦਾ ਹੈ। ਫੈਟ ਵਿੱਚ ਨਿਸ਼ਾਸ਼ਤਾ ਦੇ ਮੁਕਾਬਲੇ 2.25 ਗੁਣਾ ਜਿਆਦਾ ਊਰਜਾ ਹੁੰਦੀ ਹੈ । ਪਰੰਤੂ ਜੇਕਰ ਖੁਰਾਕ ਵਿੱਚ ਫੈਟ 5 ਪ੍ਰਤੀਸ਼ਤ ਤੋਂ ਜਿਆਦਾ ਸ਼ਾਮਿਲ ਕਰੀਏ ਤਾਂ ਇਹ ਰੇਸ਼ੇ ਦੀ ਪਾਚਣਯੋਗਤਾ ਘਟਾਉਂਦਾ ਹੈ । ਇਸ ਸਮੱਸਿਆ ਦੇ ਹੱਲ ਲਈ ਫੈਟ ਨੂੰ "ਬਾਇਪਾਸ ਫੈਟ" ਦੇ ਰੂਪ ਵਿੱਚ ਵਰਤਣਾ ਚਾਹੀਦਾ ਹੈ। ਬਾਈਪਾਸ ਫੈਟ ਉਹ ਫੈਟ ਹੈ ਜੋ ਪਸ਼ੂ ਦੇ ਮਿਹਦੇ ਵਿੱਚ ਨਹੀ ਬਲਕਿ ਹੇਠਲੀ ਪਾਚਣ ਪ੍ਰਣਾਲੀ ਵਿੱਚ ਹਜ਼ਮ ਹੁੰਦਾ ਹੈ। ਬਾਈਪਾਸ ਫੈਟ ਵੈਟਨਰੀ ਯੂਨੀਵਰਸਿਟੀ, ਲੁਧਿਆਣਾ ਦੇ ਪਸ਼ੂ ਅਹਾਰ ਵਿਭਾਗ ਵਿੱਚ ਵੀ ਤਿਆਰ ਕੀਤਾ ਜਾਂਦਾ ਹੈ। ਇਸਨੂੰ ਰਾਈਸ ਬਰੈਨ ਤੇਲ ਅਤੇ ਕੈਲਸ਼ੀਅਮ ਸਾਲਟ ਮਿਲਾ ਕੇ ਬਣਾਇਆ ਜਾਂਦਾ ਹੈ । ਇਸਤੋਂ ਇਲਾਵਾ ਬਾਈਪਾਸ ਫੈਟ ਨੂੰ ਕਈ ਤਰ੍ਹਾਂ ਦੇ ਵਿਟਾਮਿਨ ਜਿਵੇਂ ਕਿ ਵਿਟਾਮਿਨ ਏ, ਡੀ, ਈ, ਨਾਇਆਸਿਨ, ਬਾਇਉਟਿਨ ਅਤੇ ਕੋਲੀਨ ਦੇ ਮਿਸ਼ਰਣ ਨਾਲ ਫੋਰਟੀਫਾਈ ਕੀਤਾ ਜਾਂਦਾ ਹੈ। ਇਸ "ਫੋਰਟੀਫਾਈਡ ਬਾਈਪਾਸ ਫੈਟ" ਵਿੱਚ 84 ਪ੍ਰਤੀਸ਼ਤ ਬਾਈਪਾਸ ਫੈਟ ਅਤੇ 7-8 ਪ੍ਰਤੀਸ਼ਤ ਕੈਲਸ਼ੀਅਮ ਹੁੰਦਾ ਹੈ।

ਪਸ਼ੂ ਪਾਲਕ ਇਸਨੂੰ ਅਸਾਨੀ ਨਾਲ ਵੰਡ ਵਿੱਚ ਮਿਲਾ ਸਕਦੇ ਹਨ। ਇਹ ਫੈਟ ਪਸ਼ੂ ਦੇ ਵੰਡ ਵਿੱਚ ਦੋ ਕਿਲੋ/ਕੁਇੰਟਲ ਦੀ ਦਰ ਤੇ ਮਿਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਬਾਇਪਾਸ ਫੈਟ ਗੱਭਣ ਪਸ਼ੂ ਨੂੰ ਸੂਣ ਤੋਂ 2-3 ਹਫਤੇ ਪਹਿਲਾਂ ਅਤੇ ਸੂਣ ਤੋਂ 10-12 ਹਫਤੇ ਤੱਕ 150-200 ਗ੍ਰਾਮ/ਪਸ਼ੂ/ਦਿਨ ਦੀ ਦਰ ਤੇ ਦਿਉ।

ਬਾਈਪਾਸ ਫੈਟ ਦੇਣ ਦੇ ਕਈ ਲਾਭ ਹਨ। ਬਾਈਪਾਸ ਫੈਟ ਯੁਕਤ ਖੁਰਾਕ ਖਾ ਰਹੇ ਪਸ਼ੂ ਦਾ ਸੂਣ ਤੋਂ ਬਾਅਦ ਭਾਰ ਘੱਟ ਖੁਰਦਾ ਹੈ। ਸੂਣ ਤੋਂ ਪਹਿਲਾਂ ਬਾਈਪਾਸ ਫੈਟ ਦੇਣ ਨਾਲ ਕੱਟੇ/ਵੱਛੇ ਦੇ ਜਨਮ ਸਮੇਂ ਉਸਦੇ ਵਜਨ ਵਿੱਚ ਸੁਧਾਰ ਹੁੰਦਾ ਹੈ। ਪਸ਼ੂ ਜਲਦੀ ਹੀਟ ਵਿੱਚ ਆ ਕੇ ਗੱਭਣ ਹੋ ਜਾਂਦੇ ਹਨ। ਪਸ਼ੂ ਦੇ ਦੁੱਧ ਉਤਪਾਦਨ ਅਤੇ ਦੁੱਧ ਵਿੱਚ ਫੈਟ ਦੀ ਮਾਤਰਾ ਵਿੱਚ ਸੁਧਾਰ ਹੁੰਦਾ ਹੈ।

(ਡਾ. ਜੈਸਮੀਨ ਕੌਰ)

## ਸਤੰਬਰ- ਅਕਤੂਬਰ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਸਤੰਬਰ ਮਹੀਨੇ ਤੋਂ ਮੌਸਮ ਇੱਕ ਵਾਰ ਫ਼ਿਰ ਬਦਲਣਾ ਸ਼ੁਰੂ ਹੋ ਰਿਹਾ ਹੈ। ਮੌਸਮ ਸੁਖਾਵਾਂ ਹੋਣ ਕਾਰਨ ਪਸ਼ੂ ਤਾਅ ਵਿੱਚ ਆਉਣ ਲੱਗ ਜਾਂਦੇ ਹਨ। ਇਸ ਸਮੇਂ ਪਸ਼ੂਆਂ ਦੀ ਖੁਰਾਕ ਵੱਲ ਬਹੁਤ ਧਿਆਨ ਦੇਣਾ ਚਾਹੀਦਾ ਹੈ। ਵਧੀਆ ਖੁਰਾਕ ਨਾਲ ਪਸ਼ੂਆਂ ਦੇ ਪ੍ਰਜਨਣ 'ਤੇ ਵੀ ਸਕਾਰਾਤਮਕ ਅਸਰ ਪੈਂਦਾ ਹੈ। ਜਿਹੜੀਆਂ ਬੱਕਰੀਆਂ ਨੂੰ ਮਿਲਾਪ ਤੋਂ ਇੱਕ ਮਹੀਨਾ ਪਹਿਲਾਂ ਵਧੀਆ ਖੁਰਾਕ ਅਤੇ ਵੰਡ ਦਿੱਤੀ ਜਾਂਦੀ ਹੈ, ਉਹਨਾਂ ਵਿੱਚ ਜੌੜੇ ਬੱਚੇ ਹੋਣ ਦੇ ਅਸਾਰ ਵਧ ਜਾਂਦੇ ਹਨ। ਇਸ ਦੇ ਨਾਲ ਨਾਲ ਪਸ਼ੂਆਂ ਨੂੰ ਮੱਖੀਆਂ, ਮੱਛਰਾਂ ਅਤੇ ਚਿੱਚੜਾਂ ਤੋਂ ਬਚਾਉਣਾ ਵੀ ਜ਼ਰੂਰੀ ਹੈ।

### ਡੇਅਰੀ ਫ਼ਾਰਮਿੰਗ

ਸਤੰਬਰ ਮਹੀਨੇ ਵਿੱਚ ਬੀਜੀ ਮੱਕੀ ਦਾ ਫ਼ਾਲ ਆਰਮੀਵਾਰਮ ਤੋਂ ਬਚਾਅ ਕਰਨਾ ਜ਼ਰੂਰੀ ਹੈ। ਅੱਧ ਸਤੰਬਰ ਤੱਕ ਮੱਕੀ ਦੀ ਬਿਜਾਈ ਪੂਰੀ ਕਰ ਲੈਣੀ ਚਾਹੀਦੀ ਹੈ।

ਰਸਾਇਣ- ਰਹਿਤ ਫ਼ਸਲ ਲੈਣ ਲਈ ਮੱਕੀ ਦੇ ਗੜੂੰਏਂ ਤੋਂ ਬਚਾਅ ਲਈ ਟਰਾਈਕੋਕਾਰਡਾਂ ਦੀ ਵਰਤੋਂ ਕਰੋ।

ਪਸ਼ੂਆਂ ਨੂੰ ਮੱਖੀ, ਮੱਛਰ ਅਤੇ ਚਿੱਚੜਾਂ ਤੋਂ ਬਚਾਉਣ ਲਈ ਯੋਗ ਪ੍ਰਬੰਧ ਕਰੋ।

### ਬੱਕਰੀ ਪਾਲਣ

ਬੱਕਰੀਆਂ ਦੇ ਵਧੀਆ ਪ੍ਰਜਨਣ ਲਈ 250 ਗ੍ਰਾਮ ਮਿਆਰੀ ਖੁਰਾਕ (ਵੰਡ) ਰੋਜ਼ਾਨਾ ਦਿਉ।

ਪ੍ਰਜਨਣ (ਮਿਲਾਪ) ਲਈ ਵਰਤੇ ਜਾਂਦੇ ਬੋਕ ਨੂੰ ਰੋਜ਼ਾਨਾ 300 ਗ੍ਰਾਮ ਮਿਆਰੀ ਖੁਰਾਕ (ਵੰਡ) ਰੋਜ਼ਾਨਾ ਪਾਉ।

ਸਤੰਬਰ ਮਹੀਨੇ ਤੋਂ ਬੱਕਰੀਆਂ ਨੂੰ ਹੇਹੇ ਦੇ ਲੱਛਣਾਂ ਲਈ ਗਹੁ ਨਾਲ ਦੇਖੋ ਅਤੇ ਮਿਲਾਪ ਕਰਵਾਉ।

### ਮੁਰਗੀ ਪਾਲਣ

ਆਂਡੇ ਦਾ ਖੋਲ ਪਤਲਾ ਹੋਵੇ ਤਾਂ ਖੁਰਾਕ ਵਿੱਚ ਕੈਲਸ਼ੀਅਮ ਦੀ ਮਾਤਰਾ ਦੀ ਜਾਂਚ ਕਰਵਾਉ ਅਤੇ ਲੋੜ ਅਨੁਸਾਰ ਕੈਲਸ਼ੀਅਮ ਦੀ ਮਾਤਰਾ ਵਧਾਉ।

ਸ਼ੈੱਡ ਦੇ ਵਿੱਚ ਪਾਈ ਸੁੱਕ ਨੂੰ ਹਫ਼ਤੇ ਵਿੱਚ 2-3 ਵਾਰ ਫ਼ਰੋਲ ਦਿਉ।

ਚੂਚੇ ਖਰੀਦਣ ਲਈ ਸਤੰਬਰ ਦਾ ਮਹੀਨਾ ਢੁਕਵਾਂ ਹੈ। ਚੂਚੇ ਕਿਸੇ ਭਰੋਸੇਮੰਦ ਹੈਚਰੀ ਤੋਂ ਖਰੀਦੋ।

### ਸੂਰ ਪਾਲਣ

ਜਵਾਨ ਸੂਰੀਆਂ ਦਾ 8-12 ਮਹੀਨੇ ਦੀ ਉਮਰ 'ਤੇ ਮਿਲਾਪ ਕਰਵਾਉਣਾ ਚਾਹੀਦਾ ਹੈ।

ਹੇਹੇ ਵਿੱਚ ਆਉਣ ਵਾਲੀਆਂ ਸੂਰੀਆਂ ਨੂੰ ਨਰ ਸੂਰ ਨਾਲ ਘੱਟੋ ਘੱਟ ਦੋ ਵਾਰੀ ਮਿਲਾਪ ਕਰਵਾਉ।

### ਮੱਛੀ ਪਾਲਣ

ਮੱਛੀਆਂ ਦਾ ਉਂਗਲਕਾਰ ਬੱਚ ਤਿਆਰ ਕਰਨ ਲਈ ਸਤੰਬਰ ਵਿੱਚ ਹੈਚਰੀ ਤੋਂ ਫ਼ਰਾਈ ਜਾਂ ਸਪਾਨ ਲੈ ਕੇ ਨਰਸਰੀ ਤਲਾਅ ਵਿੱਚ ਸਟਾਕ ਕਰੋ।

500 ਗ੍ਰਾਮ ਤੋਂ ਭਾਰੀ ਮੱਛੀ ਵੇਚਣੀ ਸ਼ੁਰੂ ਕਰ ਦਿਉ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ, ਡਾ. ਰਾਕੇਸ਼ ਸ਼ਰਮਾ)